ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE
24 HOURS DELHI AIRPORT SERVICE

Sidhu Homeopathic Clinic
Dr. Malkit Singh Sidhu
D.H.M.S. (Hons.)
Dr. Kirandeep Kaur Sidhu
D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ
ਐਬਟਸਫੋਰਡ
# ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish | ALBERTA Edmonton Calgary | ONTARIO Otttawa, Brampton Toronto | QUEBEC Montreal | USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 33, Issue No. 25 Ending Date: Jun 19, 2026

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARAN
604-613-9100

# ਅਕਾਲ ਅਕੈਡਮੀ ਸਰੀ ਵੱਲੋਂ ਅਜੈਪਾਲ ਸਿੰਘ ਧਾਲੀਵਾਲ ਦਾ ਸਨਮਾਨ

## ਮਾਊਂਟ ਐਵਰੇਸਟ ਦੀ ਚੋਟੀ ਫਤਿਹ ਕਰਨ ਵਾਲੇ ਪਹਿਲੇ ਕੈਨੇਡੀਅਨ ਸਿੱਖ






ਸਰੀ(ਰਵਿ ਕਾਂਤ ਸ਼ਰਮਾ):ਅਕਾਲ ਅਕੈਡਮੀ ਸਰੀ ਨੇ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ, ਜਿਸ ਵਿੱਚ ਅਜੈਪਾਲ ਸਿੰਘ ਧਾਲੀਵਾਲ, ਦਾ ਸਨਮਾਨ ਕੀਤਾ ਗਿਆ, ਜੋ ਮਾਊਂਟ ਐਵਰੇਸਟ ਦੀ ਚੋਟੀ ਸਫਲਤਾਪੂਰਵਕ ਫ਼ਤਿਹ ਕਰਨ ਵਾਲੇ ਪਹਿਲੇ ਕੈਨੇਡੀਅਨ ਸਿੱਖ ਹਨ। ਇਸ ਸਮਾਗਮ ਵਿੱਚ ਉਨ੍ਹਾਂ ਦੀ ਅਸਾਧਾਰਣ ਪ੍ਰਾਪਤੀ ਅਤੇ ਦ੍ਰਿੜਤਾ, ਹਿੰਮਤ ਅਤੇ ਲਗਨ ਨਾਲ ਭਰੇ ਪ੍ਰੇਰਣਾਦਾਇਕ ਸਫ਼ਰ ਦਾ ਜਸ਼ਨ ਮਨਾਇਆ ਗਿਆ। ਇਸ ਸਮਾਗਮ ਵਿੱਚ 100 ਤੋਂ ਵੱਧ ਭਾਈਚਾਰਕ ਮੈਂਬਰਾਂ ਨੇ ਹਾਜ਼ਰੀ ਭਰੀ, ਜਿਨ੍ਹਾਂ ਵਿੱਚ ਵਿਸ਼ੇਸ਼ ਮਹਿਮਾਨ ਮੰਦੀਪ ਧਾਲੀਵਾਲ, ਸਰੀ ਨਾਰਥ ਲਈ ਐਮਐਲਏ, ਅਤੇ ਬ੍ਰਾਇਨ ਟੈਪਰ, ਸਰੀ-ਪੈਨੋਰਾਮਾ ਲਈ ਐਮਐਲਏ ਵੀ ਸ਼ਾਮਲ ਸਨ। ਦੋਵਾਂ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਅਜੈਪਾਲ ਨੂੰ ਉਨ੍ਹਾਂ ਦੀ ਇਤਿਹਾਸਕ ਪ੍ਰਾਪਤੀ ਲਈ ਵਧਾਈ ਦਿੱਤੀ।

ਅਜੈਪਾਲ ਸਿੰਘ ਧਾਲੀਵਾਲ ਦਾ ਅਕਾਲ ਅਕੈਡਮੀ ਸਰੀ ਨਾਲ ਵਿਸ਼ੇਸ਼ ਨਾਤਾ ਹੈ ਕਿਉਂਕਿ ਉਹ ਇਸ ਅਕੈਡਮੀ ਦੇ ਸਾਬਕਾ ਵਿਦਿਆਰਥੀ ਅਤੇ ਮੌਜੂਦਾ ਡਾਇਰੈਕਟਰ ਹਨ। ਉਨ੍ਹਾਂ ਦੀ ਇਹ ਪ੍ਰਾਪਤੀ ਪੂਰੇ ਸਿੱਖ ਭਾਈਚਾਰੇ ਲਈ ਅਤੇ ਖ਼ਾਸ ਤੌਰ 'ਤੇ ਅਕਾਲ ਅਕੈਡਮੀ ਸਰੀ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਲਈ ਮਾਣ ਅਤੇ ਪ੍ਰੇਰਣਾ ਦਾ ਸਰੋਤ ਬਣ ਗਈ ਹੈ।

ਸਮਾਗਮ ਦੌਰਾਨ ਅਕਾਲ ਅਕੈਡਮੀ ਸਰੀ ਦੇ ਆਗੂ ਅਤੇ ਦੁਨੀਆ ਦੀ ਸਭ ਤੋਂ ਲੰਬੀ ਦਾੜ੍ਹੀ ਲਈ ਗਿਨੀਜ਼ ਵਰਲਡ ਰਿਕਾਰਡ ਧਾਰਕ ਗਿਆਨੀ ਸਰਵਣ ਸਿੰਘ ਵੱਲੋਂ ਅਜੈਪਾਲ ਸਿੰਘ ਢਿੱਲੋਂ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਡਾ. ਪਰਗਟ ਸਿੰਘ ਭੁਰਜੀ ਨੇ ਕਿਹਾ ਕਿ ਕੈਨੇਡਾ ਭਰ ਦਾ ਸਿੱਖ ਭਾਈਚਾਰਾ ਅਤੇ ਅਕਾਲ ਅਕੈਡਮੀ ਸਰੀ ਪਰਿਵਾਰ ਅਜੈਪਾਲ ਦੀ ਇਸ ਇਤਿਹਾਸਕ ਕਾਮਯਾਬੀ 'ਤੇ ਮਾਣ ਮਹਿਸੂਸ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਮਿਹਨਤ, ਵਿਸ਼ਵਾਸ ਅਤੇ ਲਗਨ ਦੀ ਸ਼ਕਤੀ ਦਾ ਪ੍ਰਤੀਕ ਹੈ। ਇਸ ਸਮਾਗਮ ਵਿੱਚ ਬਹੁਤ ਸਾਰੇ ਨੌਜਵਾਨਾਂ ਨੇ ਵੀ ਹਾਜ਼ਰੀ ਭਰੀ ਅਤੇ ਅਜੈਪਾਲ ਸਿੰਘ ਧਾਲੀਵਾਲ, ਦੇ ਸ਼ਾਨਦਾਰ ਸਫ਼ਰ ਤੋਂ ਪ੍ਰੇਰਿਤ ਹੋਏ। ਆਪਣੇ ਨਿਮਰ ਸਵੀਕ੍ਰਿਤੀ ਭਾਸ਼ਣ ਵਿੱਚ ਅਜੈਪਾਲ ਨੇ ਆਪਣੇ ਪੂਰੇ ਸਫ਼ਰ ਦੌਰਾਨ ਮਾਰਗਦਰਸ਼ਨ ਲਈ ਵਾਹਿਗੁਰੂ ਦਾ ਧੰਨਵਾਦ ਕੀਤਾ ਅਤੇ ਆਪਣੀ ਸਫਲਤਾ ਦਾ ਸਿਹਰਾ ਵਿਸ਼ਵਾਸ, ਹਿੰਮਤ, ਸਮਰਪਣ ਅਤੇ ਵਚਨਬੱਧਤਾ ਨੂੰ ਦਿੱਤਾ। ਅਜੈਪਾਲ ਸਿੰਘ ਨੇ ਆਪਣੇ ਕੋਚ ਗੁਰਮੁਖ ਸਿੰਘ ਦਾ ਵੀ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਉਨ੍ਹਾਂ ਦੇ ਪਹਾੜ-ਚੜ੍ਹਾਈ ਦੇ ਸਫ਼ਰ ਦੌਰਾਨ ਮਾਰਗਦਰਸ਼ਨ, ਸਿਖਲਾਈ ਅਤੇ ਸਹਿਯੋਗ ਦਿੱਤਾ। ਉਨ੍ਹਾਂ ਨੇ ਆਪਣੇ ਫਿਜ਼ਿਓਥੈਰਾਪਿਸਟ ਡਾ. ਰਮਨ ਗਰੇਵਾਲ ਦੀ ਮਹੱਤਵਪੂਰਨ ਭੂਮਿਕਾ ਨੂੰ ਵੀ ਸਵੀਕਾਰਿਆ, ਜਿਨ੍ਹਾਂ ਦੇ ਸਹਿਯੋਗ ਅਤੇ ਮਾਹਰਤਾ ਨੇ ਉਨ੍ਹਾਂ ਨੂੰ ਦੁਨੀਆ ਦੀ ਸਭ ਤੋਂ ਉੱਚੀ ਚੋਟੀ 'ਤੇ ਚੜ੍ਹਨ ਦੀ ਕਠਿਨ ਚੁਣੌਤੀ ਲਈ ਸਰੀਰਕ ਤੌਰ 'ਤੇ ਤਿਆਰ ਕਰਨ ਵਿੱਚ ਮਦਦ ਕੀਤੀ।

(ਬਾਕੀ ਸਫਾ ਬੀ6 ਤੇ)

## ਸੁਕਾਮਿਸ਼ (ਬੀ ਸੀ) ਵਿਚ ਸਾਲਾਨਾ ਨਗਰ ਕੀਰਤਨ 20 ਜੂਨ ਨੂੰ

ਸੁਕਾਮਿਸ਼:ਸਿੱਖ ਟੈਂਪਲ ਸੁਕਾਮਿਸ਼ ਗੁਰੂਘਰ ਵੱਲੋਂ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸਾਲਾਨਾ ਨਗਰ ਕੀਰਤਨ 20 ਜੂਨ ਦਿਨ ਸ਼ਨਿਚਰਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਣ ਜਾ ਰਹੇ ਹਨ। ਸਮੂਹ ਸੰਗਤਾਂ ਨੂੰ ਵਧ ਚੜ ਕੇ ਪਰਿਵਾਰਾਂ ਸਮੇਤ ਪਹੁੰਚਣ ਲਈ ਅਪੀਲ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਇਸ਼ਤਿਹਾਰ ਸਫਾ ਬੀ15 ਤੇ ਦੇਖੋ।

Award Winner Realtor in Fraser Valley
*RESIDENTIAL *COMMERCIAL *AGRICULTURAL
ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਜਾਂ ਵੇਚਣ ਵੇਲੇ ਵਾਜਬ ਰੇਟ ਅਤੇ ਸ਼ਾਨਦਾਰ ਸੇਵਾਵਾਂ ਲਈ ਹਮੇਸ਼ਾਂ ਯਾਦ ਰੱਖੋ
2026
DR. GURVINDER SINGH DHALIWAL®
ਡਾ. ਗੁਰਵਿੰਦਰ ਸਿੰਘ ਧਾਲੀਵਾਲ PERSONAL REAL ESTATE CORPORATION M.A., Ph.D
604-825-1550
gurvindersinghprec@gmail.com
WEBSITE:WWW.GURVINDERSINGHDHALIWAL.COM

ਸੁਪਰ ਵੀਜ਼ਾ
ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
PII Insurance
ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

BRILLIANT COACH LABOUR CONTRACTING LTD
ਕੈਨਰੀ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਰਸਬੇਰੀ, ਸਟਰਾਅ ਬੇਰੀ, ਬਲਿਊ ਬੇਰੀ ਅਤੇ ਬਲੈਕ ਬੇਰੀ ਤੋੜਨ ਵਾਸਤੇ ਵਰਕਰਾਂ ਦੀ ਲੋੜ ਹੈ।
ਸਾਨੂੰ ਕਲਾਸ 4 ਅਤੇ 5 ਡਰਾਈਵਰਾਂ ਦੀ ਵੀ ਲੋੜ ਹੈ।
BRILLIANT COACH
ਹੋਰ ਜਾਣਕਾਰੀ ਲਈ ਫੋਨ ਕਰੋ
778-536-0693

ਗੁਰੂ ਨਾਨਕ ਜਿਊਲਰਜ਼ ਲਿਮ.
24k & 22k
Gold Jewelry
Lucky Stones
Gemstones
40% OFF
Seiko & Citizen
Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

MOHIE Travel Ltd.
#122-32083 Hillcrest Ave, Abbotsford
• DOMESTIC & INTERNATIONAL TICKETS • TOURS • CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan 604-746-9222
Email:mohietravel@gmail.com

Universal Auto Collision Ltd.
• ICBC Claims • Private Claims • Free Courtesy Cars
• Auto Glass Replacement • Free Estimates
We Moved To New Location
27441-FRASER HWY. ALDERGROVE, BC
» ਆਈ. ਸੀ. ਬੀ. ਕਲੇਮਜ਼ » ਪ੍ਰਾਈਵੇਟ ਕਲੇਮਜ਼ » ਫਰੀ ਐਸਟੀਮੇਟ
» ਫਰੀ ਕਰਟਸੀ ਕਾਰ » ਆਟੋ ਗਲਾਸ ਰਿਪਲੇਸਮੈਂਟ
Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ
778-552-0305


FARM AND SPICE
FARM AND SPICE
Weekly Special
June 12 - 18
Dairyland BUTTER UNSALTED 454 g
Dairyland Unsalted Butter 454 gms $ 5.99 / Each
*Special Sampling in Certain Stores*
ਨਾਰੀਅਲ
Young Coconuts
2 For
$5.00
ਅਦਰਕ
Ginger
Per lb
$0.99
ਫੁਲ ਗੋਬੀ
Cauliflower
Each
$1.99
ਸੇਬ
Apple Fuji / Red Delicious
Per lb
$1.49
ਦੇਸੀ ਟਿੰਡਾ
Desi Tinda
Per lb
$2.99
ਸੰਤਰੇ
Mandarin
Per lb
$1.49
ਰੂਸੈਟ ਆਲੂ
Russet Potatoes
10 Lbs
$3.99
ਲੀਚੀ
Lychee
Per lb
$2.49
ਸ਼ਾਨ ਅਚਾਰ
Shan Pickles Assorted
1 Kg
$4.99
ਵਿਦਿਆ ਗੋਲਗਪੇ
Vidya Gol Gappa
290 gms
$5.99
ਰੂਹਅਫਜ਼ਾ ਪਾਕਿਸਤਨੀ
Roohafza Pakistani1
800 ML
Each
$3.99
ਸ਼ੇਰ ਖੰਡ
Sher White Cane Sugar
15 Lbs
$11.99
ਅਮਾਇਆ ਪਨੀਰ
Amaya Paneer
350 gms
$4.49
ਸ਼ੇਰ ਬਾਸਮਤੀ
Sher Pure
Long Basmati Rice
10 Lbs
$11 99
ਗੰਗਾ ਫੁਲ ਮਖਾਣਾ
Ganga Phool Makhana
400 gms
$11.99
ਹੀਰ ਚਕੀ ਆਟਾ
Heer Chakki Fresh / Whole Wheat Atta
20 Lbs
$11.99
*while supply last
Open 7 Days a Week
8:30 am to 10:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਵਿਦੇਸ਼ਾਂ ਵਿੱਚ ਜੂਨ '84 ਘੱਲੂਘਾਰੇ ਦੀ 42ਵੀਂ ਵਰ੍ਹੇਗੰਢ ਮੌਕੇ ਭਾਰਤੀ ਅੰਬੈਸੀਆਂ ਅੱਗੇ ਰੋਸ ਪ੍ਰਦਰਸ਼ਨ, ਖ਼ਾਲਿਸਤਾਨ ਦੇ ਹੱਕ ਵਿੱਚ ਲੱਗੇ ਨਾਅਰੇ

## ਕੌਮੀ ਇਨਸਾਫ਼, ਪਛਾਣ ਅਤੇ ਅਧਿਕਾਰਾਂ ਲਈ ਆਵਾਜ਼ ਉਠਾਉਣ ਦਾ ਸਿਲਸਿਲਾ ਰਹੇਗਾ ਜਾਰੀ:ਸਿੱਖ ਜਥੇਬੰਦੀਆਂ

ਨਵੀਂ ਦਿੱਲੀ(ਮਨਪ੍ਰੀਤ ਸਿੰਘ ਖਾਲਸਾ): ਜੂਨ 1984 ਘੱਲੂਘਾਰੇ ਅਤੇ ਸਾਕਾ ਨੀਲਾ ਤਾਰਾ ਦੀ 42ਵੀਂ ਵਰ੍ਹੇਗੰਢ ਮੌਕੇ ਕੈਨੇਡਾ, ਯੂਕੇ, ਜਰਮਨੀ, ਨਿਊਜ਼ੀਲੈਂਡ, ਇਟਲੀ ਅਤੇ ਕੈਲੀਫੋਰਨੀਆ ਸਮੇਤ ਵੱਖ-ਵੱਖ ਦੇਸ਼ਾਂ ਵਿੱਚ ਵਸਦੇ ਸਿੱਖਾਂ ਵੱਲੋਂ ਭਾਰਤੀ ਅੰਬੈਸੀਆਂ ਅਤੇ ਕੌਂਸਲੇਟਾਂ ਦੇ ਬਾਹਰ ਵੱਡੇ ਪੱਧਰ 'ਤੇ ਰਸ ਪ੍ਰਦਰਸ਼ਨ ਕੀਤੇ ਗਏ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਖਾਲਿਸਤਾਨੀ ਝੰਡੇ ਲਹਿਰਾਉਂਦੇ ਹੋਏ ਭਾਰਤ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਭਾਰਤੀ ਅੰਬੈਸੀਆਂ ਨੂੰ ਬੰਦ ਕਰਣ ਦੀ ਮੰਗ ਅਤੇ ਜੂਨ 1984 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਣ ਦੇ ਨਾਲ ਭਾਰਤੀ ਝੰਡੇ ਦੀ ਵੱਡੇ ਪੱਧਰ ਤੇ ਬੇਹੁਰਮਤੀ ਕੀਤੀ ਗਈ । ਬੁਲਾਰਿਆਂ ਨੇ ਕਿਹਾ ਕਿ ਸਾਕਾ ਨੀਲਾ ਤਾਰਾ ਸਿੱਖ ਇਤਿਹਾਸ ਦਾ ਸਭ ਤੋਂ ਦਰਦਨਾਕ ਅਤੇ ਨਾ ਬੋਲਿਆ ਜਾ ਸਕਣ ਵਾਲਾ ਅਧਿਆਇ ਹੈ, ਜਿਸ ਦੋਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਫੌਜੀ ਹਮਲੇ ਨੇ ਸਿੱਖ ਕੌਮ ਦੇ ਮਨਾਂ 'ਤੇ ਡੂੰਘੇ ਜ਼ਖ਼ਮ ਛੱਡੇ। ਉਨ੍ਹਾਂ ਕਿਹਾ ਕਿ ਇਸ ਘੱਲੂਘਾਰੇ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਅਤੇ ਇਸ ਨਾਲ ਸਬੰਧਤ ਸੱਚਾਈ ਅਤੇ ਇਨਸਾਫ਼ ਲਈ ਆਵਾਜ਼ ਉਠਾਉਣਾ ਸਮੇਂ ਦੀ ਲੜ ਹੈ। ਪ੍ਰਦਰਸ਼ਨਾਂ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਸਿੱਖ ਆਗੂਆਂ ਨੇ ਖਾਲਿਸਤਾਨ ਦੀ ਮੰਗ ਦੁਹਰਾਉਂਦਿਆਂ ਕਿਹਾ ਕਿ ਸਿੱਖ ਕੌਮ ਨੂੰ ਆਪਣੇ ਭਵਿੱਖ ਬਾਰੇ ਫ਼ੈਸਲਾ ਕਰਨ ਦਾ ਪੂਰਾ ਹੱਕ ਹੈ ਅਤੇ ਕੌਮੀ ਹੱਕਾਂ ਲਈ ਸੰਘਰਸ਼ ਜਾਰੀ ਰਹੇਗਾ। ਇਸ ਦੇ ਨਾਲ ਹੀ 1984 ਦੇ ਘੱਲੂਘਾਰੇ, ਨਵੰਬਰ 1984 ਸਿੱਖ ਕਤਲੇਆਮ ਅਤੇ ਸਿੱਖਾਂ ਉੱਤੇ ਹੋਏ ਹੋਰ ਕਥਿਤ ਜ਼ੁਲਮਾਂ ਦੇ ਮਾਮਲਿਆਂ ਵਿੱਚ ਇਨਸਾਫ਼ ਦੀ ਮੰਗ ਵੀ ਉਠਾਈ ਗਈ। ਪ੍ਰਦਰਸ਼ਨਕਾਰੀਆਂ ਨੇ ਚੇਤਾਵਨੀ ਦਿੱਤੀ ਕਿ ਜੂਨ 1984 ਨਾਲ ਸਬੰਧਤ ਘਟਨਾਵਾਂ ਅਤੇ ਸਿੱਖਾਂ ਨਾਲ ਹੋਏ ਕਥਿਤ ਅਨਿਆਂ ਦੇ ਮਾਮਲੇ ਅੱਜ ਵੀ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਵਿੱਚ ਗਹਿਰੀ ਬੇਚੈਨੀ ਅਤੇ ਰੋਸ ਦਾ ਕਾਰਨ ਬਣੇ ਹੋਏ ਹਨ।ਉਨ੍ਹਾਂ ਕਿਹਾ ਕਿ ਜਦੋਂ ਤੱਕ ਇਨ੍ਹਾਂ ਮਾਮਲਿਆਂ ਵਿੱਚ ਪੂਰੀ ਸੱਚਾਈ ਸਾਹਮਣੇ ਨਹੀਂ ਆਉਂਦੀ ਅਤੇ ਇਨਸਾਫ਼ ਨਹੀਂ ਮਿਲਦਾ, ਉਦੋਂ ਤੱਕ ਵਿਦੇਸ਼ਾਂ ਵਿੱਚ ਸਿੱਖ ਭਾਈਚਾਰੇ ਵੱਲੋਂ ਆਪਣੀ ਆਵਾਜ਼ ਬੁਲੰਦ ਕੀਤੀ ਜਾਂਦੀ ਰਹੇਗੀ। ਕਈ ਥਾਵਾਂ 'ਤੇ ਭਾਰਤੀ ਡਿਪਲੋਮੈਟਿਕ ਮਿਸ਼ਨਾਂ ਦੇ ਬਾਹਰ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਸਿੱਖਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ 1984 ਦੀਆਂ ਘਟਨਾਵਾਂ ਸਿਰਫ਼ ਇਤਿਹਾਸ ਦਾ ਹਿੱਸਾ ਨਹੀਂ, ਸਗੋਂ ਅੱਜ ਵੀ ਕੌਮ ਦੀ ਸਿਆਸੀ ਅਤੇ ਸਮਾਜਿਕ ਚੇਤਨਾ ਨੂੰ ਪ੍ਰਭਾਵਿਤ ਕਰਦੀਆਂ ਹਨ। ਬੁਲਾਰਿਆਂ ਨੇ ਦਾਅਵਾ ਕੀਤਾ ਕਿ ਵਿਸ਼ਵ ਪੱਧਰ 'ਤੇ ਸਿੱਖ ਨੌਜਵਾਨਾਂ ਵਿੱਚ ਆਪਣੇ ਇਤਿਹਾਸ ਅਤੇ ਕੌਮੀ ਹੱਕਾਂ ਪ੍ਰਤੀ ਜਾਗਰੂਕਤਾ ਲਗਾਤਾਰ ਵੱਧ ਰਹੀ ਹੈ, ਜਿਸ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ। ਇਸ ਮੌਕੇ ਭਾਈ ਹਰਦੀਪ ਸਿੰਘ ਨਿੱਝਰ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਪ੍ਰਦਰਸ਼ਨਕਾਰੀਆਂ ਨੇ ਨਿੱਝਰ ਕਤਲ ਮਾਮਲੇ ਵਿੱਚ ਨਾਮਜ਼ਦ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ। ਨਾਲ ਹੀ ਸਾਕਾ ਨੀਲਾ ਤਾਰਾ ਦੌਰਾਨ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਲਿਜਾਏ ਗਏ ਇਤਿਹਾਸਕ ਦਸਤਾਵੇਜ਼ਾਂ, ਹੱਥ-ਲਿਖਤ ਬੀੜਾਂ ਅਤੇ ਵਿਰਾਸਤੀ ਸਮਾਨ ਦੀ ਵਾਪਸੀ ਦੀ ਮੰਗ ਵੀ ਦੁਹਰਾਈ ਗਈ।





ਵੈਨਕੂਵਰ ਸਥਿਤ ਭਾਰਤੀ ਅੰਬੈਸੀ ਦੇ ਬਾਹਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸਮਾਗਮ ਵੀ ਕਰਵਾਇਆ ਗਿਆ। ਸਮਾਗਮ ਦੌਰਾਨ ਸੰਗਤਾਂ ਨੇ ਜੂਨ 1984 ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਅਹਿਦ ਦੁਹਰਾਇਆ ਕਿ ਕੌਮੀ ਇਨਸਾਫ਼, ਪਛਾਣ ਅਤੇ ਅਧਿਕਾਰਾਂ ਲਈ ਆਵਾਜ਼ ਉਠਾਉਣ ਦਾ ਸਿਲਸਿਲਾ ਜਾਰੀ ਰਹੇਗਾ। ਵਿਦੇਸ਼ਾਂ ਅੰਦਰ ਕੀਤੇ ਗਏ ਪ੍ਰਦਰਸ਼ਨਾਂ ਵਿਚ ਸਾਡੇ ਤੋਂ ਬਾਹਰਲੀ ਗਈ ਪਰਮਜੀਤ ਸਿੰਘ ਪੰਘ ਭਾਈ ਅਮਰੀਕ ਸਿੰਘ ਗਿੱਲ, ਭਾਈ ਦਬਿੰਦਰਜੀਤ ਸਿੰਘ, ਭਾਈ ਜਸਪਾਲ ਸਿੰਘ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਭਾਈ ਰਘਵੀਰ ਸਿੰਘ ਵਾਲਸਾਲ, ਭਾਈ ਜੋਗਾ ਸਿੰਘ, ਕੈਨੇਡਾ ਤੋਂ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਮਨਜਿੰਦਰ ਸਿੰਘ, ਭਾਈ ਅਵਤਾਰ ਸਿੰਘ ਖਹਿਰਾ, ਯੂਐਸਏ ਤੋਂ ਭਾਈ ਸਰਬਜੀਤ ਸਿੰਘ ਸਾਬੀ, ਭਾਈ ਅਵਤਾਰ ਸਿੰਘ ਪਨੂੰ, ਨਿਊਜੀਲੈਂਡ ਤੋਂ ਭਾਈ ਰਵਿੰਦਰ ਸਿੰਘ, ਭਾਈ ਹਰਵਿੰਦਰ ਸਿੰਘ ਖਾਲਸਾ, ਭਾਈ ਅਮਨਦੀਪ ਸਿੰਘ, ਜਰਮਨ ਤੋਂ ਜੱਥੇਦਾਰ ਰੇਸ਼ਮ ਸਿੰਘ ਬੱਬਰ, ਭਾਈ ਗੁਰਦਿਆਲ ਸਿੰਘ ਲਾਲੀ, ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਲਖਵਿੰਦਰ ਸਿੰਘ ਮਲੀ, , ਭਾਈ ਹਰਮੀਤ ਸਿੰਘ, ਭਾਈ ਪ੍ਰਿਤਪਾਲ ਸਿੰਘ ਸਮੇਤ ਵਡੀ ਗਿਣਤੀ ਵਿਚ ਦਰਦਮੰਦ ਸਿੱਖ ਪੰਜਾਬੀ ਸੰਗਤਾਂ ਹਾਜਿਰ ਸਨ।














# ਮਨਪ੍ਰੀਤ ਸਿੰਘ ਇਆਲੀ 'SAD ਵਾਰਿਸ ਪੰਜਾਬ' ਵਿੱਚ ਹੋਏ ਸ਼ਾਮਲ
## ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਪਾਰਟੀ ਵਿੱਚ ਕੀਤਾ ਸਵਾਗਤ



ਚੰਡੀਗੜ੍ਹ :ਮਨਪ੍ਰੀਤ ਸਿੰਘ ਇਆਲੀ 'ਸ਼ਅਧ ਵਾਰਿਸ ਪੰਜਾਬ' ਵਿੱਚ ਸ਼ਾਮਲ ਹੋ ਗਏ। ਸਾਂਸਦ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਪਾਰਟੀ ਵਿੱਚ ਸਵਾਗਤ ਕੀਤਾ। ਇਸ ਮੌਕੇ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਹੈ ਕਿ ਪੰਥ ਤੇ ਪੰਜਾਬ ਦੀ ਚੜ੍ਹਦੀ ਕਲਾਂ ਲਈ ਸ਼ਾਮਲ ਹੋਇਆ ਹਾ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਦਿਆ ਲਈ ਹਮੇਸ਼ਾਂ ਲੜਦੇ ਰਹਾਂਗੇ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਦੇ ਪਾਣੀਆਂ ਦਾ ਮੁੱਦਾ, ਚੰਡੀਗੜ੍ਹ ਦੇ ਮੁੱਦੇ ਅਤੇ ਬੰਦੀ ਸਿੰਘਾਂ ਦੇ ਮਸਲੇ ਉੱਤੇ ਸਾਰਿਆ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਪੰਥ ਦੇ ਮੁੱਦਿਆ ਲਈ ਸਾਨੂੰ ਇਕ ਆਵਾਜ਼ ਹੇਠ ਇੱਕਠੇ ਹੋਣਾ ਚਾਹੀਦਾ ਹੈ। ਤਰਸੇਮ ਸਿੰਘ ਦਾ ਕਹਿਣਾ ਹੈ ਕਿ ਅਸੀਂ ਮਨਪ੍ਰੀਤ ਸਿੰਘ ਇਆਲੀ ਦਾ ਪਾਰਟੀ ਵਿੱਚ ਸ਼ਾਮਲ ਕਰਦੇ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਸਾਰੇ ਇਕੱਠੇ ਹੋ ਕੇ ਪੰਜਾਬ ਦੇ ਮੁੱਦਿਆ ਲਈ ਲੜਾਂਗੇ। ਉਨ੍ਹਾਂ ਨੇ ਕਿਹਾ ਹੈ ਕਿ ਸਰਕਾਰਾਂ ਹਮੇਸ਼ਾਂ ਪੰਜਾਬ ਨਾਲ ਧੱਕਾ ਕਰਦੀਆਂ ਆ ਰਹੀਆ ਹਨ। ਉਨ੍ਹਾਂ ਨੇ ਕਿਹਾ ਹੈ ਕਿ ਅਸੀ ਪੰਜਾਬ ਦੀ ਖੇਤਰੀ ਧਿਰ ਨੂੰ ਸੁਰਜੀਤ ਕਰਨ ਲਈ ਅਸੀਂ ਸਾਰੇ ਇੱਕਠੇ ਹੋਏ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਮਨਪ੍ਰੀਤ ਸਿੰਘ ਇਆਲੀ ਜੁਝਾਰੂ ਹਨ। ਉਨ੍ਹਾਂ ਨੇ ਕਿਹਾ ਹੈ ਕਿ ਇਆਲੀ ਨੇ ਹਮੇਸ਼ਾ ਪੰਥ ਦੀ ਭਲਾਈ ਲਈ ਹੈ ਫੈਸਲੇ ਲਿਆ ਹੈ। ਉਨ੍ਹਾਂ ਨੇ ਕਿ ਜਿਹੜਾ ਵੀ ਪਾਰਟੀ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।

## ਨਿਊਜ਼ੀਲੈਂਡ 'ਚ ਭਾਰਤੀ ਭਾਈਚਾਰੇ ਖ਼ਿਲਾਫ਼ ਨਫ਼ਰਤੀ ਨਾਅਰਿਆਂ ਨੇ ਵਧਾਈ ਚਿੰਤਾ

ਆਕਲੈਂਡ:ਨਿਊਜ਼ੀਲੈਂਡ ਵਿੱਚ ਰਹਿੰਦੇ ਭਾਰਤੀ ਭਾਈਚਾਰੇ ਵਿੱਚ ਉਸ ਵੇਲੇ ਚਿੰਤਾ ਦਾ ਮਾਹੌਲ ਬਣ ਗਿਆ ਜਦੋਂ ਆਕਲੈਂਡ ਦੇ ਕੁਝ ਇਲਾਕਿਆਂ ਵਿੱਚ ਕੰਧਾਂ ਉੱਤੇ ਭਾਰਤੀਆਂ ਵਿਰੋਧੀ ਨਫ਼ਰਤੀ ਸੰਦੇਸ਼ ਲਿਖੇ ਜਾਣ ਦੀਆਂ ਘਟਨਾਵਾਂ ਸਾਹਮਣੇ ਆਈਆਂ। ਇਨ੍ਹਾਂ ਸੰਦੇਸ਼ਾਂ ਨੂੰ ਲੈ ਕੇ ਸਥਾਨਕ ਭਾਰਤੀ ਭਾਈਚਾਰੇ ਨੇ ਫਿਕਰ ਪ੍ਰਗਟ ਕੀਤੀ ਹੈ।

ਜਾਣਕਾਰੀ ਅਨੁਸਾਰ ਕੁਝ ਜਨਤਕ ਥਾਵਾਂ 'ਤੇ ਭਾਰਤੀਆਂ ਵਿਰੁੱਧ ਭੜਕਾਊ ਅਤੇ ਨਫ਼ਰਤ ਫੈਲਾਉਣ ਵਾਲੇ ਨਾਅਰੇ ਲਿਖੇ ਗਏ ਸਨ। ਹਾਲਾਂਕਿ ਹੁਣ ਤੱਕ ਕਿਸੇ ਵੀ ਭਾਰਤੀ ਨਾਗਰਿਕ ਨਾਲ ਸਿੱਧੀ ਹਿੰਸਕ ਘਟਨਾ ਜਾਂ ਦੁਰਵਿਵਹਾਰ ਦੀ ਪੁਸ਼ਟੀ ਨਹੀਂ ਹੋਈ ਹੈ। ਇਸ ਤੋਂ ਪਹਿਲਾਂ ਵੀ ਕੁਝ ਮੌਕਿਆਂ 'ਤੇ ਧਾਰਮਿਕ ਅਤੇ ਸੱਭਿਆਚਾਰਕ ਸਮਾਗਮਾਂ ਦੌਰਾਨ ਤਣਾਅ ਦੀਆਂ ਘਟਨਾਵਾਂ ਸਾਹਮਣੇ ਆਈਆਂ ਸਨ। ਇੱਕ ਨਗਰ ਕੀਰਤਨ ਦੌਰਾਨ ਕੁਝ ਵਿਅਕਤੀਆਂ ਵੱਲੋਂ ਵਿਰੋਧ ਦਰਜ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਜਿਸ ਕਾਰਨ ਸਥਿਤੀ ਕੁਝ ਸਮੇਂ ਲਈ ਗੰਭੀਰ ਬਣ ਗਈ ਸੀ। ਸਥਾਨਕ ਪ੍ਰਸ਼ਾਸਨ ਨੇ ਅਜਿਹੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਤੁਰੰਤ ਕਾਰਵਾਈ ਕੀਤੀ ਅਤੇ ਮਾਮਲੇ ਨੂੰ ਸ਼ਾਂਤੀਪੂਰਨ ਢੰਗ ਨਾਲ ਸੰਭਾਲਿਆ। ਇਸ ਤੋਂ ਬਾਅਦ ਇਸ ਤਰ੍ਹਾਂ ਦੀ ਕੋਈ ਵੱਡੀ ਘਟਨਾ ਸਾਹਮਣੇ ਨਹੀਂ ਆਈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

12383-83A Ave, Surrey, BC



SAVVY

Immigration Services Inc.

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

*Temporary Visa *Student Visa
*Work Permit *Permanent Immigration
*Humanitarian & Compassionate Cases



Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday







ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400
2642 Cedar Park Abbotsford, British Columbia V2T 3S5



FIXMAN
GLASS REPAIR LTD

Auto / Residential / Commercial

"We Are The Clear Choice" GLASS EXPRESS

Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service

- ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ
- ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ ਲਾਈਫਟਾਈਮ ਵਾਰੰਟੀ
- ਮੋਬਾਈਲ ਸਰਵਿਸ
- ਬੱਗ ਸਕਰੀਨ ਵੀ ਲਾਉਂਦੇ ਹਾਂ
- ਕਾਰ ਨੂੰ ਮੁਫਤ ਸਾਫ ਕਰਦੇ ਹਾਂ
- ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ

2 Locations Serves You

SURREY
#301-14640-64Ave Surrey
Ph:604-657-0003

LANGLEY
#102-5968 205A St
Ph:778-258-3000



Mandeep Dhaliwal

www.fixmanglass.com Email:fixmanglass@gmail.com



SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188
#255-13711-72Ave Surrey, BC

# 6 ਜੂਨ 1984 ਤੀਜਾ ਘੱਲੂਘਾਰਾ ਸ਼ਹੀਦੀ ਸਮਾਗਮ ਮੌਕੇ ਜਥੇਦਾਰ ਦੇ ਸੰਬੋਧਨ ਨੂੰ ਯੂਟਿਊਬ ਨੇ ਕੀਤਾ ਬਲਾਕ




ਸੁਨਾਮ ਊਧਮ ਸਿੰਘ ਵਾਲਾ:-ਆਪਰੇਸ਼ਨ ਬਲੂ ਸਟਾਰ ਜਿਸ ਨੂੰ ਤੀਜਾ ਘੱਲੂਘਾਰਾ ਕਿਹਾ ਜਾਂਦਾ ਹੈ ਸਿੱਖ ਕੌਮ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਤੇ 42ਵੀਂ ਸ਼ਹੀਦਾਂ ਦੀ ਯਾਦ ਮਨਾਈ ਗਈ ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ 1984 " ਜੂਨ ਵਿੱਚ ਭਾਰਤੀ ਫੌਜ ਵੱਲੋਂ ਟੈਂਕਾਂ ਤੋਪਾ ਨਾਲ ਸ੍ਰੀ ਅਕਾਲ ਤਖਤ ਸਾਹਿਬ ਦਰਬਾਰ ਸਾਹਿਬ ਕੰਪਲੈਕਸ ਤੇ ਕੀਤੇ ਹਮਲੇ ਵਿੱਚ ਸ਼ਹੀਦ ਸਿੰਘਾਂ ਸਿੰਘਣੀਆਂ ਭੁਝੰਗੀਆਂ ਦੀ ਯਾਦ ਵਿੱਚ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਸੰਬੋਧਨ ਕੀਤਾ ਗਿਆ ਜਿਸ ਵਿੱਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲੇ ਭਾਈ ਅਮਰੀਕ ਸਿੰਘ ਜਨਰਲ ਸੁਬੇਗ ਸਿੰਘ ਅਤੇ ਸਾਥੀ ਸਿੰਘਾਂ ਵੱਲੋਂ ਜਿਸ ਬਹਾਦਰੀ ਨਾਲ ਭਾਰਤੀ ਫੌਜ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਉਹਨਾਂ ਦੀ ਕੁਰਬਾਨੀ ਨੂੰ ਸਿਜਦਾ ਕੀਤਾ।

ਇਸ ਤੋਂ ਇਲਾਵਾ ਜਥੇਦਾਰ ਜੀ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਸਿੱਖਾਂ ਨੂੰ ਕਿਹਾ ਕਿ ਉਹ ਪੰਜਾਬ ਹੋਮਲੈਂਡ ਨੂੰ ਪੱਕੇ ਤੌਰ ਤੇ ਨਾ ਛੱਡਣ ਅਤੇ ਆਪਣੀਆਂ ਜਮੀਨਾਂ ਨਾ ਵੇਚਣ! ਜਥੇਦਾਰ ਜੀ ਦਾ ਕੌਮ ਨੂੰ ਸੰਬੋਧਨ ਕਰੀਬ 17 ਮਿੰਟ ਦਾ ਸੀ ਜਿਸ ਨੂੰ ਯੂਟੀਊਬ ਦੀ ਪਾਲਸੀ ਦਾ ਮੈਸੇਜ ਭੇਜ ਕੇ ਦਰਸ਼ਕਾਂ ਤੋਂ ਹਟਾ ਦਿੱਤਾ ਅਤੇ ਇਸ ਨੂੰ ਸੈਟ ਟੂ ਪ੍ਰਾਈਵੇਟ ਆਪਣੇ ਆਪ ਕਰ ਦਿੱਤਾ। ਇਸ ਦਾ ਭਾਵ ਇਹ ਹੈ ਕਿ ਸੋਸ਼ਲ ਮੀਡੀਆ ਤੇ ਜਥੇਦਾਰ ਜੀ ਦਾ ਭਾਸ਼ਣ ਸਾਰਾ ਦਿਨ ਬਿਨ ਨਹੀਂ ਦੇਖਿਆ ਜਾ ਸਕੇਗਾ ਕਿਉਂਕਿ ਦਰਸ਼ਕਾਂ ਤੋਂ ਇਸ ਨੂੰ ਦੇਖਣ ਦੀ ਇਜਾਜ਼ਤ ਨਹੀਂ! ਇਸ ਦਾ ਭਾਵ ਇਹ ਹੈ ਕਿ ਸਿੱਖ ਕੌਮ ਦੇ ਸਰਬ ਉੱਚ ਸ੍ਰੀ ਅਕਾਲ ਤਖਤ ਸਾਹਿਬ ਜੀ ਵੱਲੋਂ ਕੌਮ ਲਈ ਸ਼ਹੀਦ ਹੋਏ ਸਿੰਘਾਂ ਸਿੰਘਣੀਆਂ ਦਾ ਇਤਿਹਾਸ ਜਾਂ ਹੁਕਮਰਾਨਾ ਵੱਲੋਂ ਕੀਤੇ ਗਏ ਨਾਜਾਇਜ਼ ਕੰਮ ਯੂਟੀਊਬ ਪਾਲਸੀ ਗਾਈਡਲਾਈਨ ਦਾ ਬਹਾਨਾ ਬਣਾ ਕੇ ਸੋਸ਼ਲ ਮੀਡੀਆ ਵੀ ਨਹੀਂ ਦਿਖਾ ਸਕੇਗਾ। ਜਿਸ ਦੀ ਸਿੱਖ ਪੰਥ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਭਵਿੱਖ ਵਿੱਚ ਜੋ ਮੌਕੇ ਤੇ ਹਾਜ਼ਰ ਸੰਗਤ ਹੋਵੇਗੀ ਉਹਨਾਂ ਨੂੰ ਹੀ ਸੰਬੋਧਨ ਦਾ ਪਤਾ ਲੱਗੇਗਾ ਜਾਂ ਫਿਰ ਪੰਥ ਦੀ ਸਨਮਾਨਯੋਗ ਐਸਜੀਪੀਸੀ, ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਸਿੱਖ ਕੌਮ ਦੇ ਦਰਦ ਨੂੰ ਪੇਸ਼ ਕਰਨਾ ਪਾਲਸੀ ਦਾ ਉਲੰਘਣ ਦੱਸ ਕੇ ਯੂਟੀਊਬ ਤੇ ਇਸ ਕੰਮ ਨੂੰ ਰੋਕਣ ਸਬੰਧੀ ਕੋਈ ਕਾਰਵਾਈ ਕਰਨ ਦੀ ਖੇਚਲ ਕੀਤੀ ਜਾਵੇਗੀ!

SARDAR JI ACADEMY
...KNOWLEDGE TEST...
CAR, TRUCK, TAXI & AIR BRAKE

ਲਰਨਿੰਗ ਲਾਇਸੈਂਸ ਦੀ ਪੰਜਾਬੀ ਅਤੇ ਅੰਗਰੇਜੀ ਵਿਚ ਤਿਆਰੀ ਕਰਵਾਈ ਜਾਂਦੀ ਹੈ
FORKLIFT TRAINING
ਇਥੇ ਫੋਰਕਲਿਫਟ ਦੇ ਲਾਇਸੈਂਸ ਅਤੇ ਸਿਟੀਜਨਸ਼ਿਪ ਦੀ ਤਿਆਰੀ ਵੀ ਕਰਵਾਈ ਜਾਂਦੀ ਹੈ
Ph:778-892-4655
#201-12885-85Ave, Surrey
Near Gurdwara Dashmesh Darbar

LANGLEY
BANQUET HALL

ਵਿਆਹ-ਸਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।

Call:Davinder S. Grewal
604-537-9759
info@langleybanquethall.com
3227 264 St UNIT #6, Aldergrove, BC V4W 2X3

ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*11 ਜੂਨ ਦਿਨ ਵੀਰਵਾਰ ਸਵੇਰੇ 11 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਨੰਤਵੀਰ ਸਿੰਘ ਪਰਿਵਾਰ ਵੱਲੋਂ
*12 ਜੂਨ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਮੁੱਲਾਂਪੁਰ ਦਾਖਾਂ ਦੀ ਸੰਗਤ ਵੱਲੋਂ
*12 ਜੂਨ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਫਲਾਣਾ ਵਰਸੇ ਸੰਤ ਬਾਬਾ ਕਰਮ ਸਿੰਘ ਰਾੜਾ ਸਾਹਿਬ (ਭੀਖੀ) ਜੀ ਦੀ ਯਾਦ ਵਿੱਚ ਖੱਟੜਾ ਪਰਿਵਾਰ ਵੱਲੋਂ
*13 ਜੂਨ ਦਿਨ ਸ਼ਨੀਵਾਰ ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਦਿਲਪ੍ਰੀਤ ਕੌਰ ਪਰਿਵਾਰ ਵੱਲੋਂ
*14 ਜੂਨ ਦਿਨ ਐਤਵਾਰ ਸਵੇਰੇ 9 ਵਜੇ ਭੋਗ ਸ੍ਰੀ ਅਖੰਡ ਪਾਠ ਮੁੱਲਾਂਪੁਰ ਦਾਖਾਂ ਦੀ ਸੰਗਤ ਵੱਲੋਂ
*14 ਜੂਨ ਦਿਨ ਐਤਵਾਰ ਸਵੇਰੇ 9 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਖਟੜਾ ਪਰਿਵਾਰ ਵੱਲੋਂ
*14 ਜੂਨ ਦਿਨ ਐਤਵਾਰ ਸਵੇਰੇ 9 :30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਜਸਬੀਨ ਕੌਰ ਪਰਿਵਾਰ ਵੱਲੋਂ
*15 ਜੂਨ ਦਿਨ ਸੋਮਵਾਰ ਸਵੇਰੇ 10 ਵਜੇ ਅਨੰਦ ਕਾਰਜ ਬੀਬੀ ਸੁਖਵਿੰਦਰ ਕੌਰ ਕਾਕਾ ਅਤੇ ਕਰਮਵੀਰ ਸਿੰਘ
*16 ਜੂਨ ਦਿਨ ਮੰਗਲਵਾਰ ਸਵੇਰੇ 0 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਗੁਰਬੀਰ ਸਿੰਘ ਸੋਹੀ ਪਰਿਵਾਰ ਵੱਲੋਂ
*18 ਜੂਨ ਵੀਰਵਾਰ 9 ਵਜੇ ਤੋਂ 12 ਵਜੇ ਤੱਕ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਸਬੰਧ ਵਿਚ ਸ਼ਹੀਦੀ ਸਮਾਗਮ ਹੋਣਗੇ।


ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ

ਰਾਗੀ ਜੱਥਾ
ਸਤਨਾਮ ਸਿੰਘ
ਲੁਧਿਆਣੇ ਵਾਲੇ

ਕਥਾਵਾਚਕ
ਗਿਆਨੀ ਨਿਰਵੈਲ ਸਿੰਘ
ਬੀੜ ਬਾਬਾ ਬੁੱਢਾ ਜੀ ਵਾਲੇ

ਤਬਲਾ ਸਿੱਖਣ ਲਈ ਸੰਪਰਕ ਕਰੋ:
604-585-0319

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ
ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007


ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ

ਰੋਜਾਨਾ ਦੇ ਪ੍ਰੋਗਰਾਮ
ਸਵੇਰੇ
5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ
ਸ਼ਾਮ
6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

ਬੁੱਧ ਬਾਣ...

# ਪੰਜਾਬ ਵਿੱਚ ਬਦਲਾਅ ਬੌਂਦਲਿਆ ਫਿਰਦਾ ਹੈ

ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਹੁਣ ਗਿਣਤੀ ਦੇ ਮਹੀਨੇ ਰਹਿ ਗਏ ਹਨ। ਸਿਆਸੀ ਪਾਰਟੀਆਂ ਦੇ ਚਿਹਰਿਆਂ ਤੋਂ ਨਕਾਬ ਉਤਰ ਰਹੇ ਹਨ ਅਤੇ ਅਸਲੀ ਰੂਪ ਸਾਹਮਣੇ ਆ ਰਿਹਾ ਹੈ। ਜਿਹੜੇ ਲੋਕ ਕਦੇ "ਬਦਲਾਅ" ਦੇ ਨਾਂ ਉੱਤੇ ਸੱਤਾ ਵਿੱਚ ਆਏ ਸਨ, ਅੱਜ ਉਹ ਖੁਦ ਉਸੇ ਸੱਤਾ ਦੇ ਨਸ਼ੇ ਵਿੱਚ ਚੂਰ ਦਿਖਾਈ ਦੇ ਰਹੇ ਹਨ ਜਿਸਨੂੰ ਉਹ ਕਦੇ ਲੋਕਾਂ ਦਾ ਦੁਸ਼ਮਣ ਦੱਸਦੇ ਸਨ। ਖ਼ੁਦ ਦੁਸ਼ਮਣੀਆਂ ਕੱਢਣ ਲੱਗੇ ਹੋਏ ਹਨ।

ਸੱਤਾ ਦਾ ਸਭ ਤੋਂ ਖ਼ਤਰਨਾਕ ਰੂਪ ਉਹ ਹੁੰਦਾ ਹੈ ਜਦੋਂ ਉਹ ਲੋਕਾਂ ਦੀ ਆਵਾਜ਼ ਨੂੰ ਸੁਣਨ ਦੀ ਬਜਾਏ ਉਸਨੂੰ ਕੁਚਲਣ ਲੱਗ ਪੈਂਦੀ ਹੈ। ਪੰਜਾਬ ਵਿੱਚ ਅੱਜ ਇਹੀ ਹੋ ਰਿਹਾ ਹੈ। ਬੇਰੁਜ਼ਗਾਰ ਨੌਜਵਾਨ ਨੌਕਰੀਆਂ ਮੰਗਦੇ ਹਨ ਤਾਂ ਉਹਨਾਂ ਨੂੰ ਲਾਠੀਆਂ ਮਿਲਦੀਆਂ ਹਨ। ਕਿਸਾਨ ਆਪਣੇ ਹੱਕਾਂ ਦੀ ਗੱਲ ਕਰਦੇ ਹਨ ਤਾਂ ਉਹਨਾਂ ਨੂੰ ਰੋਕਾਂ ਤੇ ਨਾਕਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁਲਾਜ਼ਮ ਆਪਣੀਆਂ ਮੰਗਾਂ ਰੱਖਦੇ ਹਨ ਤਾਂ ਉਹਨਾਂ ਨੂੰ ਖ਼ਜ਼ਾਨਾ ਖਾਲੀ ਹੋਣ ਦੀ ਕਹਾਣੀ ਸੁਣਾਈ ਜਾਂਦੀ ਹੈ।

ਪਟਿਆਲਾ ਵਿੱਚ ਬੇਰੁਜ਼ਗਾਰ ਨੌਜਵਾਨਾਂ ਉੱਤੇ ਹੋਇਆ ਲਾਠੀਚਾਰਜ ਸਿਰਫ਼ ਇੱਕ ਘਟਨਾ ਨਹੀਂ ਸੀ, ਸਗੋਂ ਉਸ ਮਾਨਸਿਕਤਾ ਦਾ ਪ੍ਰਗਟਾਵਾ ਸੀ ਜੋ ਲੋਕਤੰਤਰ ਨੂੰ ਸਿਰਫ਼ ਚੋਣਾਂ ਤੱਕ ਸੀਮਿਤ ਸਮਝਦੀ ਹੈ। ਜਿਹੜੇ ਨੌਜਵਾਨ ਕੱਲ੍ਹ ਵੋਟਰ ਸਨ, ਅੱਜ ਉਹਨਾਂ ਨਾਲ ਅਪਰਾਧੀਆਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ। ਡੰਡੇ ਦੀ ਭਾਸ਼ਾ ਹਮੇਸ਼ਾ ਕਮਜ਼ੋਰ ਸਰਕਾਰਾਂ ਦੀ ਭਾਸ਼ਾ ਹੁੰਦੀ ਹੈ, ਮਜ਼ਬੂਤ ਸਰਕਾਰਾਂ ਦੀ ਨਹੀਂ।

ਪੰਜਾਬ ਪੁਲਿਸ ਦੀ ਵੱਡੀ ਨਫ਼ਰੀ ਦਾ ਢੋਲ ਬਹੁਤ ਪਿੱਟਿਆ ਜਾਂਦਾ ਹੈ।

ਪਰ ਸਵਾਲ ਇਹ ਹੈ ਕਿ ਜਦੋਂ ਨਸ਼ਾ ਪਿੰਡਾਂ ਤੱਕ ਪਹੁੰਚ ਜਾਂਦਾ ਹੈ, ਗੈਂਗਸਟਰ ਖੁੱਲ੍ਹੇ ਘੁੰਮਦੇ ਹਨ, ਲੁੱਟਾਂ ਅਤੇ ਕਤਲ ਹੁੰਦੇ ਹਨ, ਉਦੋਂ ਇਹ ਸਾਰਾ ਪ੍ਰਬੰਧ ਕਿੱਥੇ ਹੁੰਦਾ ਹੈ? ਪਰ ਜਦੋਂ ਕੋਈ ਨੌਜਵਾਨ ਆਪਣਾ ਹੱਕ ਮੰਗਣ ਸੜਕ 'ਤੇ ਆਉਂਦਾ ਹੈ ਤਾਂ ਪੂਰਾ ਸਰਕਾਰੀ ਤੰਤਰ ਉਸਦੇ ਸਾਹਮਣੇ ਖੜ੍ਹਾ ਹੋ ਜਾਂਦਾ ਹੈ। ਇਹ ਇਨਸਾਫ਼ ਨਹੀਂ, ਸੱਤਾ ਦੀ ਚੋਣਵੀਂ ਸਖ਼ਤੀ ਹੈ।

ਅੱਜ ਦਾ ਸਭ ਤੋਂ ਵੱਡਾ ਦੁੱਖ ਇਹ ਨਹੀਂ ਕਿ ਸਰਕਾਰ ਬਦਲ ਗਈ ਹੈ, ਦੁੱਖ ਇਹ ਹੈ ਕਿ ਸਰਕਾਰ ਦਾ ਚਾਲ-ਚਲਣ ਨਹੀਂ ਬਦਲਿਆ। ਕੁਰਸੀਆਂ ਉੱਤੇ ਬੈਠੇ ਚਿਹਰੇ ਨਵੇਂ ਹਨ ਪਰ ਰਾਜ ਕਰਨ ਦਾ ਢੰਗ ਪੁਰਾਣਾ ਹੈ। "ਆਮ" ਦੇ ਨਾਂ ਉੱਤੇ ਬਣੀ ਪਾਰਟੀ ਹੌਲੀ-ਹੌਲੀ "ਖਾਸ" ਲੋਕਾਂ ਦਾ ਕਲੱਬ ਬਣਦੀ ਜਾ ਰਹੀ ਹੈ। ਲੋਕਾਂ ਨਾਲ ਕੀਤਾ ਗਿਆ ਬਦਲਾਅ ਦਾ ਵਾਅਦਾ ਹੁਣ ਇਸ਼ਤਿਹਾਰਾਂ, ਸਮਾਗਮਾਂ ਅਤੇ ਸਿਆਸੀ ਪ੍ਰਚਾਰ ਦੇ ਢੇਰ ਹੇਠਾਂ ਦੱਬਦਾ ਨਜ਼ਰ ਆ ਰਿਹਾ ਹੈ।

ਦੂਜੇ ਪਾਸੇ ਵਿਰੋਧੀ ਧਿਰਾਂ ਵੀ ਲੋਕਾਂ ਦੇ ਦਰਦ ਨਾਲੋਂ ਸੱਤਾ ਦੀ ਗਿਣਤੀ ਵਿੱਚ ਜ਼ਿਆਦਾ ਦਿਲਚਸਪੀ ਰੱਖਦੀਆਂ ਹਨ। ਕੋਈ ਧਰਮ ਦੀ ਸਿਆਸਤ ਕਰ ਰਿਹਾ ਹੈ, ਕੋਈ ਜਾਤ ਦੀ, ਕੋਈ ਡਰ ਦੀ ਅਤੇ ਕੋਈ ਝੂਠੀਆਂ ਉਮੀਦਾਂ ਦੀ। ਪੰਜਾਬ ਦਾ ਅਸਲ ਮੁੱਦਾ, ਬੇਰੁਜ਼ਗਾਰੀ, ਪਲਾਇਨ, ਨਸ਼ਾ, ਸਿੱਖਿਆ, ਸਿਹਤ ਅਤੇ ਕਿਸਾਨੀ, ਅਜੇ ਵੀ ਸਿਆਸੀ ਭਾਸ਼ਣਾਂ ਦੇ ਹਾਸ਼ੀਏ ਉੱਤੇ ਪਿਆ ਹੈ।

ਬਦਲਾਅ ਅੱਜ ਪੰਜਾਬ ਦੀਆਂ ਗਲੀਆਂ ਵਿੱਚ ਬੌਂਦਲਿਆ ਫਿਰਦਾ ਹੈ। ਉਹ ਲੋਕਾਂ ਨੂੰ ਪੁੱਛ ਰਿਹਾ ਹੈ ਕਿ ਜਿਸਦੇ ਨਾਂ ਉੱਤੇ ਤੁਸੀਂ ਵੋਟਾਂ ਪਾਈਆਂ ਸਨ, ਉਹ ਕਿੱਥੇ ਹੈ? ਕੀ ਉਹ ਸੱਤਾ ਦੇ ਦਰਬਾਰਾਂ ਵਿੱਚ ਕੈਦ ਹੋ ਗਿਆ ਹੈ ਜਾਂ ਸਰਕਾਰੀ ਇਸ਼ਤਿਹਾਰਾਂ ਵਿੱਚ ਗੁੰਮ ਹੋ ਗਿਆ ਹੈ?

"ਜਦੋਂ ਹਕੂਮਤ ਲੋਕਾਂ ਦੇ ਸਵਾਲਾਂ ਤੋਂ ਡਰਨ ਲੱਗ ਪਵੇ, ਸਮਝ ਲਵੋ ਕਿ ਉਸਦਾ ਵਿਸ਼ਵਾਸ ਖ਼ਤਮ ਹੋ ਚੁੱਕਾ ਹੈ। ਜਿਹੜੀ ਸਰਕਾਰ ਬੇਰੁਜ਼ਗਾਰਾਂ ਨੂੰ ਨੌਕਰੀ ਨਹੀਂ ਦੇ ਸਕਦੀ ਪਰ ਲਾਠੀਆਂ ਦੇ ਸਕਦੀ ਹੈ, ਉਹ ਬਦਲਾਅ ਨਹੀਂ, ਸਿਰਫ਼ ਸੱਤਾ ਦਾ ਨਵਾਂ ਚਿਹਰਾ ਹੁੰਦੀ ਹੈ। ਲੋਕਾਂ ਦੀ ਚੁੱਪ ਨੂੰ ਆਪਣੀ ਜਿੱਤ ਨਾ ਸਮਝੋ; ਇਤਿਹਾਸ ਗਵਾਹ ਹੈ ਕਿ ਜਦੋਂ ਲੋਕ ਬੋਲਦੇ ਹਨ ਤਾਂ ਤਖ਼ਤ ਹਿੱਲ ਜਾਂਦੇ ਹਨ।

**ਬੁੱਧ ਸਿੰਘ ਨੀਲੋਂ**
**9464370823**

## (ਮੁੱਖ ਪੰਨੇ ਦੀ ਬਾਕੀ)

"ਜੇ ਤੁਹਾਡੇ ਵਿੱਚ ਹਿੰਮਤ, ਸਮਰਪਣ ਅਤੇ ਵਚਨਬੱਧਤਾ ਹੈ, ਤਾਂ ਕੁਝ ਵੀ ਅਸੰਭਵ ਨਹੀਂ," ਅਜੈਪਾਲ ਸਿੰਘ ਨੇ ਦਰਸ਼ਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਅਤੇ ਨੌਜਵਾਨਾਂ ਨੂੰ ਆਪਣੇ ਸੁਪਨਿਆਂ ਦਾ ਪਿੱਛਾ ਕਰਨ ਅਤੇ ਚੁਣੌਤੀਆਂ ਦੇ ਸਾਹਮਣੇ ਕਦੇ ਹਾਰ ਨਾ ਮੰਨਣ ਲਈ ਪ੍ਰੇਰਿਤ ਕੀਤਾ।ਅਕਾਲ ਅਕੈਡਮੀ ਸਰੀ ਦੇ ਡਾਇਰੈਕਟਰ ਅਵਤਾਰ ਸਿੰਘ ਗਿੱਲ ਨੇ ਅਜੈਪਾਲ ਸਿੰਘ ਨੂੰ ਇਸ ਇਤਿਹਾਸਕ ਮੀਲ ਪੱਥਰ ਤੱਕ ਪਹੁੰਚਣ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਨੌਜਵਾਨਾਂ ਲਈ ਇੱਕ ਸ਼ਾਨਦਾਰ ਰੋਲ ਮਾਡਲ ਕਰਾਰ ਦਿੱਤਾ।ਅਵਤਾਰ ਸਿੰਘ ਗਿੱਲ ਨੇ ਕਿਹਾ, "ਅਜੈਪਾਲ ਸਿੰਘ ਦੀ ਇਹ ਪ੍ਰਾਪਤੀ ਦਰਸਾਉਂਦੀ ਹੈ ਕਿ ਅਨੁਸ਼ਾਸਨ, ਦ੍ਰਿੜ ਇਰਾਦੇ ਅਤੇ ਸਖ਼ਤ ਮਿਹਨਤ ਰਾਹੀਂ ਕੀ ਕੁਝ ਹਾਸਲ ਕੀਤਾ ਜਾ ਸਕਦਾ ਹੈ। ਸਾਡੇ ਨੌਜਵਾਨਾਂ ਨੂੰ ਅਜੈਪਾਲ ਸਿੰਘ ਵਰਗੀਆਂ ਮਿਸਾਲਾਂ ਵੱਲ ਦੇਖਣਾ ਚਾਹੀਦਾ ਹੈ ਅਤੇ ਨਸ਼ਿਆਂ ਅਤੇ ਗੈਂਗਾਂ ਦੇ ਜਾਲ ਵਿੱਚ ਫਸਣ ਦੀ ਬਜਾਏ ਖੇਡਾਂ, ਸਿੱਖਿਆ ਅਤੇ ਸਕਾਰਾਤਮਕ ਭਾਈਚਾਰਕ ਭਾਗੀਦਾਰੀ 'ਤੇ ਧਿਆਨ ਦੇਣਾ ਚਾਹੀਦਾ ਹੈ।"

ਗਿੱਲ ਨੇ ਸਮਾਗਮ ਵਿੱਚ ਸ਼ਾਮਲ ਹੋਣ ਅਤੇ ਇਸ ਜਸ਼ਨ ਨੂੰ ਯਾਦਗਾਰ ਸਫਲਤਾ ਬਣਾਉਣ ਲਈ ਸਾਰੇ ਮਹਿਮਾਨਾਂ, ਭਾਈਚਾਰਕ ਆਗੂਆਂ, ਮਾਪਿਆਂ, ਵਿਦਿਆਰਥੀਆਂ ਅਤੇ ਸਮਰਥਕਾਂ ਦਾ ਵੀ ਧੰਨਵਾਦ ਕੀਤਾ।

ਇਸ ਸਨਮਾਨ ਸਮਾਰੋਹ ਨੇ ਅਕਾਲ ਅਕੈਡਮੀ ਸਰੀ ਦੀ ਨੌਜਵਾਨਾਂ ਵਿੱਚ ਉਤਕ੍ਰਿਸ਼ਟਤਾ, ਆਗੂਪਣ ਅਤੇ ਭਾਈਚਾਰਕ ਸੇਵਾ ਨੂੰ ਪ੍ਰੇਰਿਤ ਕਰਨ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ, ਨਾਲ ਹੀ ਉਹਨਾਂ ਵਿਅਕਤੀਆਂ ਦਾ ਸਨਮਾਨ ਕੀਤਾ ਜੋ ਸਿੱਖ ਭਾਈਚਾਰੇ ਅਤੇ ਕੈਨੇਡਾ ਲਈ ਮਾਣ ਦਾ ਕਾਰਨ ਬਣਦੇ ਹਨ।

A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey

TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers
Single Driver Pay 52cents/mile
Team Drivers 32 cents/mile

FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

VELOCITY
TRUCK CENTRES

# DRIVE FORWARD WITH VELOCITY

## ਟਰੱਕ ਅਤੇ ਟਰੇਲਰਾਂ ਲਈ ਵੈਸਟਰਨ ਕਨੇਡਾ ਵਿਚ ਤੁਹਾਡਾ ਭਰੋਸੇਯੋਗ ਸਾਥੀ

ਸਾਡੀਆਂ ਮਾਹਰ ਟੀਮਾਂ ਅਤੇ ਪੂਰੀਆਂ ਸੇਵਾਵਾਂ ਦੀ ਰੇਂਜ ਨਾਲ
ਅਸੀਂ ਤੁਹਾਡੇ ਸਫਰ ਦੇ ਹਰ ਪੜਾਅ ਤੇ ਭਰੋਸੇਯੋਗ, ਪੂਰਨ ਸਹਾਇਤਾ ਪ੍ਰਦਾਨ ਕਰਦੇ ਹਾਂ

## ਨਵੇਂ ਅਤੇ ਯੂਜਡ ਟਰੱਕ, ਟਰੇਲਰ, ਬੱਸਾਂ




## TOTAL CUSTOMER SUPPORT

- ਸੇਲਜ: ਨਵੇਂ ਅਤੇ ਵਰਤੇ ਹੋਏ ਟਰੱਕ, ਟ੍ਰੇਲਰ, ਬੱਸਾਂ
- ਸੇਵਾਵਾਂ: ਸਾਰੇ ਮੇਕ ਅਤੇ ਮਾਡਲ
- ਪਾਰਟਸ: ਪਾਰਟਸ ਅਤੇ ਆਫਟਰ ਮਾਰਕੀਟ
- *ਬਾਡੀਸ਼ਾਪ: ਪੂਰੀ-ਸੇਵਾ ਕੁਲੀਜਨ ਰਿਪੇਅਰ

LOCATIONS

*ਪਾਰਟਸ ਅਤੇ ਆਫਟਰ ਮਾਰਕੀਟ ਪਾਰਟਸ *ਹਰੇਕ ਮੇਕ ਅਤੇ ਮਾਡਲ *ਬਾਡੀਸ਼ਾਪ ਫੁੱਲ ਸਰਵਿਸ ਕੁਲੀਜਨ ਰਿਪੇਅਰ

## ਕਿਰਾਏ ਤੇ ਲੋੜ ਹੈ?



ਭਾਵੇਂ ਤੁਸੀਂ ਥੋੜ੍ਹੇ ਸਮੇਂ ਦੇ ਪਾੜੇ ਨੂੰ ਭਰ ਰਹੇ ਹੋ ਜਾਂ ਆਪਣੇ ਫਲੀਟ ਦਾ ਵਿਸਥਾਰ ਕਰ ਰਹੇ ਹੋ, ਵੇਲੋਸਿਟੀ ਟਰੱਕ ਰੈਂਟਲ ਅਤੇ ਲੀਜ਼ਿੰਗ ਤੁਹਾਡੇ ਕਾਰੋਬਾਰ ਨੂੰ ਚਲਦਾ ਰੱਖਣ ਲਈ ਤਿਆਰ ਕੀਤੇ ਗਏ ਅਨੁਕੂਲਿਤ ਕਿਰਾਏ ਅਤੇ ਲੀਜ਼ਿੰਗ ਵਿਕਲਪ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਪ੍ਰਦਾਨ ਕਰਦਾ ਹੈ।

ਕਮਰਸ਼ੀਅਲ ਟਰੱਕ ਰੈਂਟਲ ਫੁੱਲ ਸਰਵਿਸ ਲੀਜਿੰਗ ਫਲੀਟ ਮੈਨੇਜਮੈਂਟ ਸਰਵਿਸਿਜ

Learn More About Our Services
855-412-7431
VelocityTruckRentalAndLeasing.ca

VELOCITY
TRUCK RENTAL & LEASING
CANADA

672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada

# Call:672-727-9560

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada






## ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਪ੍ਰੋਗਰਾਮਾਂ ਦਾ ਵੇਰਵਾ

### ਆਉਣ ਵਾਲੇ ਸਮਾਗਮ

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਸ਼ਹੀਦੀ ਪੁਰਬ, ਜੂਨ 84 ਦੇ ਘੱਲੂਘਾਰੇ ਅਤੇ ਸ਼ਹੀਦ ਭਾ: ਹਰਦੀਪ ਸਿੰਘ ਨਿੱਝਰ ਦੀ ਯਾਦ ਵਿੱਚ 19,20 ਤੇ 21 ਜੂਨ ਨੂੰ 3 ਰੋਜ਼ਾ ਕੀਰਤਨ ਦਰਬਾਰ ਸ਼ਾਮ 6 ਤੋਂ 10 ਵਜੇ ਤੱਕ ਬਾਹਰ ਖੁੱਲੇ ਪੰਡਾਲ ਵਿੱਚ ਸਜਿਆ ਕਰੇਗਾ ਜਿਸ ਵਿੱਚ ਭਾ: ਲਖਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਦਰਬਾਰ ਸਾਹਿਬ, ਸੰਤ ਅਨੂਪ ਸਿੰਘ ਜੀ ਊਨੇ ਵਾਲੇ, ਭਾ: ਨਿਰੰਜਨ ਸਿੰਘ ਜਵੱਦੀ ਕਲਾਂ, ਭਾ: ਆਤਮਜੋਤ ਸਿੰਘ ਜੀ ਕੈਲੇਫੋਰਨੀਆ ਅਤੇ ਭਾ: ਹਰਪ੍ਰੀਤ ਸਿੰਘ ਜੀ ਦਿੱਲੀ ਵਾਲੇ ਹਾਜ਼ਰੀ ਭਰਨਗੇ। ਬਾਹਰ ਖੁੱਲੇ ਪੰਡਾਲ ਵਿੱਚ ਲੰਗਰਾਂ ਦੇ ਸਟਾਲ ਲਾਉਣ ਲਈ ਆਪਣੇ ਨਾਮ ਲਿਖਵਾ ਦਿਓ ਜੀ।

### ਇਸ ਹਫਤੇ ਦੇ ਪ੍ਰੋਗਰਾਮ

ਇਸ ਹਫਤੇ ਗੁਰਗੱਦੀ ਦਿਵਸ ਸ਼੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ, ਸ਼ਹੀਦੀ ਭਾਈ ਕੁਲਵੰਤ ਸਿੰਘ ਨਾਗੋਕੇ ਮਨਾਏ ਜਾਣਗੇ।

*10 ਜੂਨ ਬੁੱਧਵਾਰ ਸੁਖਮਨੀ ਸਾਹਿਬ ਦੇ ਪਾਠ ਬੀਬੀ ਗੁਰਮੀਤ ਕੌਰ ਗਿੱਲ ਪਰਿਵਾਰ ਵੱਲੋਂ

*12 ਜੂਨ ਸ਼ੁੱਕਰਵਾਰ 5 ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ: (1)ਭਾ: ਕੁਲਦੀਪ ਸਿੰਘ ਗਰੇਵਾਲ ਪਰਿਵਾਰ (2)ਭਾ: ਪਰਮਜੀਤ ਸਿੰਘ ਪਰਿਵਾਰ (3)ਭਾ: ਰਣਜੀਤ ਸਿੰਘ ਪਰਿਵਾਰ (4)ਭਾ: ਕਨਵਲਦੀਪ ਸਿੰਘ ਸੰਘਾ ਪਰਿਵਾਰ 5)ਬਰਸੀ ਸੰਤ ਬਾਬਾ ਈਸ਼ਰ ਦਾਸ ਜੀ ਪਿੰਡ ਮੂਮ ਦੀ ਸੰਗਤ ਵੱਲੋਂ

*13 ਜੂਨ ਸ਼ਨਿੱਚਰਵਾਰ 4 ਸੁਖਮਨੀ ਸਾਹਿਬ ਪਾਠ ਦੇ ਪਾਠ 1)ਭਾ: ਲਖਵੀਰ ਸਿੰਘ (2)ਭਾ: ਸੁਖਜੋਤ ਸਿੰਘ ਗਿੱਲ (3)ਬੀ: ਨਿਰਮਲ ਕੌਰ (4)ਭਾ:ਸਵਰਨ ਸਿੰਘ ਪਰਿਵਾਰਾਂ ਵੱਲੋਂ ਹੋਣਗੇ।

*14 ਜੂਨ ਐਤਵਾਰ ਸੁਖਮਨੀ ਸਾਹਿਬ ਪਾਠ ਭਾ: ਬਖਸ਼ੀਸ਼ ਸਿੰਘ ਭੁੱਲਰ ਪਰਿਵਾਰ ਵੱਲੋਂ ਹੋਣਗੇ ਅਤੇ ਭੋਗ ਸਹਿਜ ਪਾਠ ਸਾਹਿਬ ਸਵ. ਬੀਬੀ ਪ੍ਰੀਤਮ ਕੌਰ ਜੀ ਦੀ ਯਾਦ ‘ਚ।

**ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ**

**ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ**

# APARTMENT FOR SALE- FULLY RENOVATED

NOW ONLY **$379,900**

307-31771 PEARDONVILLE RD, ABBOTSFORD


ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਵਧੀਆ ਮੌਕਾ!




Scan QR Code to view listing










## PROPERTY HIGHLIGHTS

- 2 Bed + 2 Bath
- Brand New Appliances
- New Flooring Throughout
- Fresh New Paint
- Bright Spacious Layout
- In-Suite Laundry
- 1 Pet Allowed
- 5 Min Walk to Grocery Stores
- 5 Min Walk to Restaurants
- 5 Min drive to the highway
- 5 Min Walk to Gurudwara Sahib
- 5 Min Walk to Elementary School
- 5 Min Drive Middle & High School
- Mountain View Patio

RENTALS ALLOWED – GREAT FOR INVESTORS

CONTACT TEJBIR SHARMA PREC

**778-779-7657**

Call Today for Your Private Showing!

TEAM 3000 REALTY LTD



# LOVELY SWEET SHOP & RESTAURANT and BANQUET HALL

*Dine In Take Out*

## Breakfast Special Combo

10 am to 3pm

**Prantha Plate**

Choose 2 pranthas from Aloo/Gobhi or Mooli
With curd, butter and pickle

ਸਪੈਸ਼ਲ:ਚਾਟ ਪਾਪੜੀ,ਭੱਲੇ, ਚਨਾ ਕੁਲਚਾ

ਮੱਕੀ ਦੀ ਰੋਟੀ ਸਰ੍ਹੋਂ ਦਾ ਸਾਗ






| ਫਰੈਸ਼ ਤੰਦੂਰ ਤੋਂ | ਤੰਦੂਰ ਤੋਂ ਸਪੈਸ਼ਲ |
|---|---|
| Nan | ਤੰਦੂਰੀ ਚਿਕਨ |
| Parantha | ਚਿਕਨ ਟਿੱਕਾ |
| Onion Nan | ਫਿਸ਼ ਤੰਦੂਰੀ |
| Garlic Nan | ਪਨੀਰ ਟਿੱਕਾ |
| Lacha Parantha | ਸੀਖ ਕਬਾਬ |
| Special Nan | |

| ਫਰੈਸ਼ ਵੈਜੀ ਡਿਸ਼ਾਂ | ਖਾਣੇ ਵਿਚ ਸਪੈਸ਼ਲ |
|---|---|
| ਸ਼ਾਹੀ ਪਨੀਰ | Butter Chicken |
| ਚਿਲੀ ਪਨੀਰ | Goat Curry |
| ਕੜਾਹੀ ਪਨੀਰ | Lamb Curry |
| ਦਾਲ ਮਖਣੀ | Chicken Curry |
| ਭਿੰਡੀ ਮਸਾਲਾ | Chicken Kadahi |
| ਮਿਕਸ ਵੈਜੀ | Chilli Chicken |

ਚਰਨਜੀਤ ਸਿੰਘ ਢਿਲੋਂ

**604-591-6660**
**604-591-6888**

ਵੈਜੀ ਅਤੇ ਨਾਨ ਵੈਜੀ ਦਾ ਪੂਰਾ ਖਿਆਲ ਰੱਖਦੇ ਹਾਂ

50 Person to 200 Person Party Hall

ਗੁਰਦੁਆਰਾ, ਮੰਦਰ, ਪਾਰਕ ਜਾਂ ਘਰ ਜਾ ਕੇ ਪੂਰੇ ਬੀ.ਸੀ ਵਿਚ ਤੰਦੂਰ ਲਾ ਕੇ ਜਿੰਨੇ ਮਰਜੀ ਬੰਦਿਆਂ ਲਈ ਤਾਜਾ ਖਾਣਾ ਬਣਾਉਂਦੇ ਹਾਂ

ਕੇਟਰਿੰਗ ਸਪੈਸ਼ਲ

7168-128th St Surrey — Open Everyday 10am - 10pm



www.deltondentures.com

# DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

"We accept CANADIAN DENTAL CARE PLAN for Dentures"

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

WE ARE DENTURISTS

CONSUMER CHOICE AWARD 2018 VANCOUVER
Business Category Denturist

ਅਸੀਂ ਜੁਬਾੜੇ ਬਣਾਉਂਦੇ ਹਾਂ

*Get a Beautiful Smile*





**Chris Kozakiewicz**
BSc., R.D.

Mon-Fri: 9am-5pm, Saturdays By Appointment

**Scott 72 Shopping Centre**

#209- 7313-120th St., Delta ( Above London Drugs & Staples )

**604.590.1111**

# ਗੁਰਦਵਾਰਾ ਨਾਨਕ ਨਿਵਾਸ




8600 - NO. 5 RD., RICHMOND, B.C. • TEL: (604)274-7479, FAX: (604) 274-0046

## ਆਉਣ ਵਾਲੇ ਪ੍ਰੋਗਰਾਮ

10 ਜੂਨ ਦਿਨ ਬੁੱਧਵਾਰ ਸਵੇਰੇ 10 ਵਜੇ ਦਿਲਪ੍ਰੀਤ ਕੌਰ ਗਰੇਵਾਲ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

11 ਜੂਨ ਦਿਨ ਵੀਰਵਾਰ ਸਵੇਰੇ 10 ਵਜੇ ਪਰਮਜੀਤ ਸਿੰਘ ਕੁਲਾਰ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

12 ਜੂਨ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਸੁਰਿੰਦਰ ਸਿੰਘ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

13 ਜੂਨ ਦਿਨ ਸ਼ਨੀਵਾਰ ਸਵੇਰੇ 10 ਵਜੇ ਅਰਸ਼ਨੀਤ ਸੋਢਾ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

13 ਜੂਨ ਦਿਨ ਸ਼ਨੀਵਾਰ ਸ਼ਾਮ 5 ਵਜੇ ਗੁਰਚਰਨ ਸਿੰਘ ਜਿੰਦਰ ਜਵੰਦਾ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਹੋਵੇਗੀ।

14 ਜੂਨ ਦਿਨ ਐਤਵਾਰ ਸਵੇਰੇ 9:30 ਵਜੇ ਹਰ ਐਤਵਾਰ ਦੀ ਤਰ੍ਹਾਂ ਹਫਤਾਵਾਰੀ ਦੀਵਾਨ ਦੀ ਆਰੰਭਤਾ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਹੋਇਆ ਕਰੇਗੀ, ਉਪਰੰਤ ਕੀਰਤਨ ਦੀਵਾਨ ਤੇ ਕਥਾ ਵੀਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਹੋਵੇਗੀ।

14 ਜੂਨ ਦਿਨ ਐਤਵਾਰ ਸ਼ਾਮ 5 ਵਜੇ ਕੁੰਦਨ ਸਿੰਘ ਜੌਹਲ ਪਰਿਵਾਰ ਵੱਲੋ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਪਰਿਵਾਰ ਵੱਲੋਂ ਹੋਵੇਗੀ।

14 ਜੂਨ ਦਿਨ ਐਤਵਾਰ ਸ਼ਾਮ 5 ਵਜੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਦੇ ਸਬੰਧ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ।

15 ਜੂਨ ਦਿਨ ਸੋਮਵਾਰ ਸ਼ਾਮ 6 ਵਜੇ ਹਾੜ ਮਹੀਨੇ ਦੀ ਸੰਗਰਾਂਦ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆਂ ਸ਼ਾਮ ਦੇ ਦੀਵਾਨਾਂ ਵਿਚ ਗੁਰਬਾਣੀ ਕੀਰਤਨ, ਕਥਾ ਵਿਚਾਰਾਂ ਤੇ ਲੰਗਰਾਂ ਦੀ ਸੇਵਾ ਸਮੂਹ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹੋਵੇਗੀ।

16 ਜੂਨ ਦਿਨ ਮੰਗਲਵਾਰ ਸ਼ਾਮ 5 ਵਜੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਦੇ ਸਬੰਧ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਪਰੰਤ ਗੁਰਬਾਣੀ ਕੀਰਤਨ ਤੇ ਗੁਰੂ ਅਰਜਨ ਦੇਵ ਜੀ ਦੇ ਜੀਵਨ ਬਾਰੇ ਕਥਾ ਵਿਚਾਰ ਹੋਵੇਗੀ ਅਤੇ ਤਿੰਨੇ ਦਿਨ ਲੰਗਰਾਂ ਦੀ ਸੇਵਾ ਸੰਗਤਾਂ ਵੱਲੋਂ ਹੋਵੇਗੀ।

18 ਜੂਨ ਦਿਨ ਵੀਰਵਾਰ ਸਵੇਰੇ 10 ਵਜੇ ਜਸਨਪ੍ਰੀਤ ਕੌਰ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

19 ਜੂਨ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਗੁਰਜੀਤ ਸਿੰਘ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

20 ਜੂਨ ਦਿਨ ਸ਼ਨੀਵਾਰ ਸਵੇਰੇ 10 ਵਜੇ ਬਿਕਰਮਜੀਤ ਸਿੰਘ ਵਿਰਕ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

24 ਜੂਨ ਦਿਨ ਬੁੱਧਵਾਰ ਸਵੇਰੇ 10 ਵਜੇ ਖੁਸ਼ਵਿੰਦਰ ਕੌਰ ਪੰਨੂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

25 ਜੂਨ ਦਿਨ ਵੀਰਵਾਰ ਸਵੇਰੇ 10 ਵਜੇ ਕਰਮਜੀਤ ਔਜਲਾ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

### ਵਿਸ਼ੇਸ਼ ਪ੍ਰੋਗਰਾਮ

ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਪਿੰਡ ਤੱਲ੍ਹਣ ਜਿਲ੍ਹਾ ਜਲੰਧਰ ਅਤੇ ਸਮੂਹ ਇਲਾਕਾ ਨਿਵਾਸੀਆਂ ਵੱਲੋਂ ਬੀ.ਸੀ (ਕੈਨੇਡਾ ) ਵਿਚ ਵਸਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਨਿਹਾਲ ਸਿੰਘ ਜੀ ਅਤੇ ਬਾਬਾ ਹਰਨਾਮ ਸਿੰਘ ਜੀ ਗੁਰਦਵਾਰਾ ਸਹੀਦਾਂ ਤੱਲ੍ਹਣ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕਰਵਾਈ ਜਾ ਰਹੀ ਹੈ। ਸਮੂਹ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਗੁਰੂਘਰ ਤਿੰਨੇ ਦਿਨ ਹਾਜ਼ਰੀਆਂ ਭਰਨ ਦੀ ਕ੍ਰਿਪਾਲਤਾ ਕਰਨੀ ਜੀ।

19 ਜੂਨ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਆਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 21 ਜੂਨ ਦਿਨ ਐਤਵਾਰ ਸਵੇਰੇ 10 ਵਜੇ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਉਪਰੰਤ ਗੁਰਬਾਣੀ ਕੀਰਤਨ, ਕਥਾ ਵਿਚਾਰ ਹਫ਼ਤਾਵਾਰੀ ਸਮਾਗਮ ਹੋਣਗੇ।

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹਰ ਐਤਵਾਰ ਸਵੇਰੇ 10.30 ਵਜੇ ਤੋਂ 12 ਵਜੇ ਤੱਕ ਹਫ਼ਤਾਵਾਰੀ ਕੀਰਤਨ, ਕਥਾ ਸਮਾਗਮ ਹੁੰਦੇ ਹਨ, ਸੰਗਤ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਹਫ਼ਤਾਵਾਰੀ ਸਮਾਗਮ ਵਿੱਚ ਆ ਕੇ ਆਪਣੇ ਜੀਵਨ ਨੂੰ ਸਫਲ ਕਰੋ। ਜੇ ਕਿਸੇ ਪਰਿਵਾਰ ਨੇ ਹਫ਼ਤਾਵਾਰੀ ਦੀਵਾਨ ਵਿੱਚ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਲੈਣੀ ਹੋਵੇ ਉਹ ਪਰਿਵਾਰ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ।

ਜਰੂਰੀ ਸੂਚਨਾ: ਪੰਜਾਬੀ ਸਕੂਲ ਦੀਆਂ ਕਲਾਸਾਂ 28 ਜੂਨ ਨੂੰ ਖਤਮ ਹੋ ਰਹੀਆਂ ਹਨ। ਅਗਲਾ ਸੈਸ਼ਨ ਸਤੰਬਰ ਵਿਚ ਸ਼ੁਰੂ ਹੋਵੇਗਾ। ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿਚ ਦਾਖਲ ਕਰਵਾਉ ਤਾਂ ਜੋ ਬੱਚੇ ਪੰਜਾਬੀ ਬੋਲ, ਪੜ੍ਹ ਤੇ ਲਿਖ ਸਕਣ। ਵਧੇਰੇ ਜਾਣਕਾਰੀ ਲਈ ਸਕੱਤਰ ਸ. ਬਲਵੰਤ ਸਿੰਘ ਸੰਘੇੜਾ ਨਾਲ 604-836-8976 ਤੇ ਸੰਪਰਕ ਕਰੋ।

**ਹਰ ਮੰਗਲਵਾਰ ਸਵੇਰੇ 10 ਵਜੇ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੁਖਮਨੀ ਸਾਹਿਬ ਵਾਲੀਆਂ ਬੀਬੀਆਂ ਵੱਲੋਂ ਹੁੰਦੀ ਹੈ**

### ਰੋਜ਼ਾਨਾ ਪ੍ਰੋਗਰਾਮ:

ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ, ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ

### ਸ਼ਾਮ ਦੇ ਦੀਵਾਨ:

ਰਹਿਰਾਸ ਸਾਹਿਬ ਸ਼ਾਮ 6 ਤੋਂ 6:20 ਵਜੇ ਤੱਕ   ਕੀਰਤਨ/ਅਰਦਾਸ/ਹੁਕਮਨਾਮਾ 6.20 ਤੋਂ 6.45 ਵਜੇ ਤੱਕ   ਸੁਖਆਸਣ ਰਾਤ 8:00 ਵਜੇ

| ਪ੍ਰਧਾਨ | ਖਜ਼ਾਨਚੀ | ਸਕੱਤਰ | ਸਹਾਇਕ ਸਕੱਤਰ |
|---|---|---|---|
| ਮੋਹਨ ਸਿੰਘ ਸੰਧੂ | ਕਮਲਜੀਤ ਸਿੰਘ ਦੁਸਾਂਝ | ਬਲਵੰਤ ਸਿੰਘ ਸੰਘੇੜਾ | ਕੰਵਰਜੀਤ ਸਿੰਘ ਸਹੋਤਾ |

**ਗੁਰਦੁਆਰਾ ਸਾਹਿਬ ਦਾ ਫੋਨ:604-274-7479**

Email:iccc8600@gmail.com

# ਗੁਰਦੁਆਰੇ ਨੂੰ ਉਡਾਉਣ ਦੀ ਧਮਕੀ ਦੇਣ ਵਾਲਾ ਨੌਜਵਾਨ ਨਿਹੰਗ ਸਿੰਘਾਂ ਨੇ ਕੀਤਾ ਕਾਬੂ



ਦਿੱਲੀ:-ਗੁਰਦੁਆਰੇ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲੇ ਨੌਜਵਾਨਾਂ ਨੂੰ ਨਿਹੰਗ ਸਿੰਘਾਂ ਨੇ ਦਿੱਲੀ ਵਿਚ ਫੜ ਲਿਆ ਤੇ ਉਸ ਤੋਂ ਬਾਅਦ ਉਸ ਨੂੰ ਨਰੇਲਾ ਸਥਿਤ ਗੁਰਘਰ ਵਿਚ ਲਿਜਾ ਕੇ ਮੁਆਫੀ ਮੰਗਵਾਈ ਗਈ। ਨੌਜਵਾਨ ਨੇ ਕਿਹਾ ਕਿ ਉਸ ਦੇ ਮਨ ਵਿਚ ਕਿਸੇ ਵੀ ਧਰਮ ਪ੍ਰਤੀ ਕੋਈ ਨਫਰਤ ਨਹੀਂ ਹੈ ਤੇ ਉਸ ਤੋਂ ਗਲਤੀ ਹੋਈ ਹੈ।

ਨੌਜਵਾਨ ਦਾ ਆਪਣੇ ਨਾਲ ਪੜ੍ਹਦੇ ਇੱਕ ਸਿੱਖ ਵਿਦਿਆਰਥੀ ਨਾਲ ਝਗੜਾ ਹੋਇਆ ਸੀ। ਛੇ ਦਿਨ ਪਹਿਲਾਂ ਨੌਜਵਾਨ ਨੇ ਇੰਸਟਾਗ੍ਰਾਮ ਤੇ ਇੱਕ ਵੀਡੀਓ ਪੋਸਟ ਕੀਤਾ ਸੀ, ਜੋ ਨਿਹੰਗ ਸਿੰਘਾਂ ਤੱਕ ਪਹੁੰਚਿਆ ਸੀ। ਦੋ ਦਿਨ ਪਹਿਲਾਂ, ਦਿੱਲੀ ਨਿਵਾਸੀ ਨਿਹੰਗ ਸਿੰਘ ਜਸਵਿੰਦਰ ਸਿੰਘ ਨੇ ਇੰਸਟਾਗ੍ਰਾਮ ਤੇ ਵੀਡੀਓ ਪੋਸਟ ਕੀਤਾ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਇਸ ਦਾ ਪਤਾ ਦੱਸਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ। ਐਤਵਾਰ ਨੂੰ ਨਿਹੰਗ ਸਿੰਘਾਂ ਨੇ ਨੌਜਵਾਨ ਨਾਲ ਸੰਪਰਕ ਕੀਤਾ।

ਨੌਜਵਾਨ ਨੇ ਮੁਆਫ਼ੀ ਮੰਗੀ ਅਤੇ ਕਿਹਾ ਕਿ ਉਸਨੇ ਜੋ ਕਿਹਾ ਸੀ ਉਹ ਗਲਤ ਸੀ ਅਤੇ ਉਸ ਨੂੰ ਇਸਦਾ ਪਛਤਾਵਾ ਹੈ। ਉਸ ਦੇ ਮਨ ਜਾਂ ਦਿਲ ਵਿੱਚ ਕਿਸੇ ਵੀ ਧਰਮ ਪ੍ਰਤੀ ਕੋਈ ਨਫ਼ਰਤ ਨਹੀਂ ਹੈ। ਉਸ ਨੇ ਕਿਹਾ ਕਿ ਉਹ ਇਸ ਸਮੇਂ ਗੁਰਦੁਆਰੇ ਵਿੱਚ ਖੜ੍ਹਾ ਹੈ ਅਤੇ ਜੇ ਉਸਨੇ ਜਾਣਬੁੱਝ ਕੇ ਜਾਂ ਅਣਜਾਣੇ ਵਿੱਚ ਕੋਈ ਅਪਸ਼ਬਦ ਬੋਲਿਆ ਹੈ, ਤਾਂ ਉਸਨੇ ਉਨ੍ਹਾਂ ਲਈ ਦਿਲੋਂ ਮੁਆਫ਼ੀ ਮੰਗਦਾ ਹੈ। ਉਹ ਭਵਿੱਖ ਵਿੱਚ ਅਜਿਹੀ ਗਲਤੀ ਨਹੀਂ ਦੁਹਰਾਏਗਾ।

# ਪੰਜਾਬੀ ਨੌਜਵਾਨ ਦਾ ਜਰਮਨੀ 'ਚ ਕਤਲ

## ਮੰਦਿਰ ਦੀ ਪ੍ਰਧਾਨਗੀ ਦੇ ਝਗੜੇ ਨੂੰ ਸੁਲਝਾਉਣ ਗਿਆ ਸੀ ਮ੍ਰਿਤਕ



ਜਰਮਨ:-ਕਪੂਰਥਲਾ ਤੋਂ ਬਹੁਤ ਹੀ ਮੰਦਭਾਗੀ ਖਬਰ ਸਾਹਮਣੇ ਆਈ ਹੈ ਜਿਥੇ ਜਰਮਨੀ ਵਿਚ ਪੰਜਾਬੀ ਨੌਜਵਾਨ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ। ਮ੍ਰਿਤਕ ਦੀ ਪਛਾਣ ਰਾਜਵਿੰਦਰ ਸਿੰਘ ਵਜੋਂ ਹੋਈ ਹੈ। ਮਿਲੀ ਜਾਣਕਾਰੀ ਮੁਤਾਬਕ ਰਾਜਵਿੰਦਰ ਲਗਭਗ 10 ਸਾਲ ਪਹਿਲਾਂ ਚੰਗੇ ਭਵਿੱਖ ਦੀ ਆਸ ਲਈ ਜਰਮਨੀ ਗਿਆ ਸੀ। ਰਾਜਵਿੰਦਰ ਨੂੰ 2 ਕੁ ਦਿਨ ਪਹਿਲਾਂ ਪਤਾ ਲੱਗਾ ਕਿ ਜਰਮਨੀ ਵਿਚ ਹਰਿਆਣੇ ਦੇ ਕੁਝ ਨੌਜਵਾਨਾਂ ਵੱਲੋਂ ਮੰਦਰ ਦੀ ਪ੍ਰਧਾਨਗੀ ਨੂੰ ਲੈ ਕੇ ਝਗੜਾ ਹੋਇਆ ਸੀ ਤੇ ਉਹ ਉਸ ਝਗੜੇ ਨੂੰ ਸੁਲਝਾਉਣ ਲਈ ਗਿਆ ਸੀ ਪਰ ਹਰਿਆਣਾ ਦੇ 4 ਨੌਜਵਾਨਾਂ ਨੇ ਰਾਜਵਿੰਦਰ ਤੇ ਹਮਲਾ ਕਰ ਦਿੱਤਾ ਤੇ ਹਮਲੇ 'ਚ ਰਾਜਵਿੰਦਰ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਸਨ।

ਰਾਜਵਿੰਦਰ ਨੂੰ ਹਸਪਤਾਲ ਭਰਤੀ ਕਰਾਇਆ ਗਿਆ ਸੀ ਜਿਥੇ 2 ਦਿਨ ਬਾਅਦ ਨੌਜਵਾਨ ਦੀ ਹਸਪਤਾਲ ਫ਼ਲਸਤੁੋਚ ਮੌਤ ਹੋ ਗਈ। ਰਾਜਵਿੰਦਰ ਦੇ ਪਰਿਵਾਰ ਵਾਲਿਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਾਂ ਤਾਂ ਉਸ ਦੀ ਮ੍ਰਿਤਕ ਦੇਹ ਭਾਰਤ ਲਿਆਂਦੀ ਜਾਵੇ ਤੇ ਜਾਂ ਉਨ੍ਹਾਂ ਨੂੰ ਜਰਮਨੀ ਜਾਣ ਦੀ ਇਜਾਜ਼ਤ ਦਿੱਤੀ ਜਾਵੇ।


INDOOR WATER FALLS BY:
KALSI
Aluminum Products
• Patio Covers
• Sunrooms
• Aluminium & Glass Railing
• Fences
• Gate
• Security Bars
• Water Falls



Bring WATERFALL In Your Office/House
Call a Professional Installer, Not A Salesman
604-763-5679
#108-13030-115Ave, Surrey, BC
www.kalsialuminum.com

ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

THE CARPLAZA
CAR ACCESSORIES
All Types Of Car Accessories & Installation Available
ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ



*Seat Covers *Matts
*Woofers & Ambient Lights
*Android Car Player Available



Especially For Uber & Lyft Camera
778-977-0032, 778-713-6949
#5-12357-82A Ave, Surrey, BC

# ਕਿਸੇ ਨੇ ਮੇਰੀ ਗੱਲ ਨਾ ਸੁਣੀ...






ਉਦਾਸੀ, ਨਿਰਮਲੇ, ਟਕਸਾਲ ਆਦਿ ਸੰਪਰਦਾਵਾਂ ਸਿਖੀ ਨੂੰ ਮਜਬੂਤ ਕਰਨ ਵਾਲੇ ਖਾਲਸੇ ਪੰਥ ਹਿਤਾਂ ਦੇ ਉਲਟ ਚਲ ਪਈਆਂ ਹਨ।ਇਹ ਸੰਪਰਦਾਵਾ ਸਿਖਾਂ ਦਾ ਹਿੰਦੂਕਰਨ ਕਰਨ ਵਾਲੀਆਂ ਬਣ ਗਈਆਂ।ਇਨਾ ਸੰਪਰਦਾਵਾਂ ਵਿੱਚ ਹੌਲ਼ੀ ਹੌਲ਼ੀ ਉਹ ਪ੍ਰਚਾਰ ਬੰਦ ਹੁੰਦਾ ਗਿਆ ਜੋ ਮਨੁਖ ਨੂੰ ਖਾਲਸਾ ਪੰਥ ਦਾ ਹਿਸਾ ਬਣਾਉਣ ਲਈ ਪਰੇਰਨਾ ਦਿੰਦਾ ਸੀ।ਇਸਦੇ ਉਲਟ ਇਨਾ ਸੰਪਰਦਾਵਾਂ ਨੇ ਕਰਮਕਾਂਡੀ ਬਣਾਉਣ ਵਾਲੇ ਮਹੌਲ ਨੇ ਜੋਰ ਫੜ ਗਿਆ ਫੇਰ ਓਥੇ ਹਿੰਦੂ ਸੰਪਰਦਾਵਾਂ ਦਾ ਦਖਲ ਤੇ ਪਰਵਾਨਗੀ ਹੋਣੀ ਈ ਸੀ।

ਜਦ ਸਿਰਦਾਰ ਕਪੂਰ ਸਿੰਘ ਨੇ ਨਿਸ਼ਾਨਦੇਹੀ ਕੀਤੀ ਸੀ ਕਿ "ਇਤਿਹਾਸ ਵਿੱਚ ਸਿੱਖ ਬਾਗੀ ਰਹੇ ਜਾਂ ਬਾਦਸ਼ਾਹ ਪਰ 1947 ਮਗਰੋਂ ਅਸੀ ਇਨਾ ਦੋਹਾਂ ਵਿਚੋ ਕੁਛ ਵੀ ਨਾ ਰਹੇ" ਤਾਂ ਸਾਡੀ ਕੌਮ ਨੂੰ ਸਮਝ ਨਹੀ ਸੀ ਆਈ ਕਿ ਇਸਦੇ ਕੀ ਕੀ ਨੁਕਸਾਨ ਹੋਣਗੇ। ਬਾਗੀ ਜਾਂ ਬਾਦਸ਼ਾਹ ਹੁੰਦਿਆਂ ਸਿੱਖ ਦੀ ਖਾਸ ਠੁੱਕ ਤੇ ਖਾਸ ਰੁਤਬਾ ਹੁੰਦਾ ਹੈ।ਜਿਵੇ ਸੰਤ ਭਿੰਡਰਾਵਾਲਿਆ ਤੇ ਜੁਝਾਰੂ ਸਿੰਘਾਂ ਦਾ ਜਲਵਾ ਬਾਕੀਆਂ ਨਾਲੋ ਵੱਖਰਾ ਹੈ।ਜਦ ਇਹੋ ਜਿਹੀ ਚੜਤ,ਟੌਹਰ ਨਾ ਰਹੇ ਫੇਰ ਫੋਕੜ,ਰਸਹੀਣ ਤੇ ਪੋਲੜ ਜਿਹੇ ਸਿੱਖ ਨੂੰ ਗਲੀਆਂ ਦੇ ਕੱਖ ਵੀ ਮਖੌਲਾਂ ਕਰਦੇ ਹਨ।

ਵਿਦੇਸ਼ਾਂ ਵਿੱਚ ਰੋਜੀ ਰੋਟੀ ਕਮਾਉਣ ਗਏ ਰੁਲਦੇ ਫਿਰਦੇ ਸਿੱਖਾਂ ਵਿੱਚੋ ਇੰਗਲੈਂਡ ਦੇ ਕਿਸੇ ਪੁਲ ਹੇਠ ਬੇਹਦ ਤਰਸਯੋਗ ਹਾਲਾਤ ਵਿੱਚ ਦੇਖਕੇ ਕਿਸੇ ਨੇ ਹਾਅ ਦਾ ਨਾਅਰਾ ਮਾਰਿਆ ਸੀ ਕਿ ਇਓ ਲਗਦਾ ਜਿਵੇ ਕਲਗੀਆਂ ਵਾਲੇ ਦੇ ਗ਼ਲ ਦਾ ਹਾਰ ਟੁਟ ਗਿਆ ਹੋਵੇ ਤੇ ਮਾਲਾ ਦੇ ਮਣਕੇ ਸਾਰੀ ਦੁਨੀਆਂ ਵਿਚ ਖਿਲਰੇ ਫਿਰਦੇ ਹੋਣ।ਇਹੋ ਜਿਹੇ ਹਾਲ ਹਵਾਲ ਦਾ ਜਿਕਰ ਬਾਬਾ ਤੇਗਾ ਸਿੰਘ ਨਾਮੀ ਨਾਵਲ ਵਿੱਚ ਦਰਜ ਹੈ ।ਸਿੱਖ ਜਦ ਸ਼ਕਤੀ ਤੋਂ ਦੂਰ ਕਰ ਦਿਤੇ ਗਏ,ਸਿੱਖ ਜਦ ਸ਼ਕਤੀ ਲਈ ਲੜਨ ਤੋਂ ਰੋਕ ਦਿਤੇ ਗਏ,ਸਿੱਖ ਜਦ ਲੀਡਰਸ਼ਿਪ ਨੇ ਪਸ਼ੂਆਂ ਵਰਗੀ ਜੂਨ ਜਿਉਣ ਲਈ ਮਜਬੂਰ ਕਰ ਦਿਤੇ ਗਏ ਫੇਰ ਹੋਰ ਸੰਪਰਦਾਵਾਂ ਰਾਹੀ ਸਿੱਖ ਕੀਹਨੇ ਸਜਣਾ ਸੀ ਚੜਦੇ ਸੂਰਜ ਨੂੰ ਸਲਾਮ ਹੁੰਦੀ ਹੈ।1947 ਤੋਂ ਮਗਰੋਂ ਹਿੰਦੂ ਸ਼ਕਤੀ ਦਾ ਸੂਰਜ ਚੜਦਾ ਮਹਿਸੂਸ ਕਰਕੇ ਲੋਕ ਓਹਨੂੰ ਸਲਾਮ ਕਰਨ ਲਗ ਪਏ।

ਉਦਾਸੀ,ਨਿਰਮਲੇ ਤੇ ਹੋਰ ਸੰਪਰਦਾਵਾਂ ਤੇ ਕੀ ਗਿਲਾ ਕਰੀਏ ਜਦ ਟਕਸਾਲ ਤੇ ਅਕਾਲੀ ਵੀ ਪੁਠੇ ਵਹਿਣ ਵਹਿ ਗਏ।ਟਕਸਾਲ ਦੇ ਮੁਖੀ ਦੇ ਨਾਮ ਅੱਗੇ ਗਿਆਨੀ ਤੇ ਪਿਛੇ ਖਾਲਸਾ ਅਗੇਤਰ ਪਿਛੇਤਰ ਐਵੇਂ ਈ ਨਹੀ ਲਗਦਾ ਰਿਹਾ।

ਪਰ ਜਦ ਕੋਈ ਅਗਿਆਨੀ ਬਣਕੇ ਗੁਰਮਿਤ ਦੀ ਥਾਂ ਮਨਮਤਿ ਕਰੇ,ਜਦ ਸਿਖੀ ਦਾ ਬਰਾਹਮਣੀਕਰਨ ਕਰੇ ਤਾਂ ਓਹ ਗਿਆਨੀ ਤੇ ਖਾਲਸਾ ਕਿਵੇ ਰਹਿ ਗਿਆ? ਉਦਾਸੀਆ,ਨਿਰਮਲਿਆਂ ਤੇ ਹੋਰ ਸੰਪਰਦਾਵਾਂ ਦਾ ਸਿਖੀ ਵੱਲੋਂ ਮੂੰਹ ਮੁੜਦਾ ਤੇ ਹਿੰਦੂਮਤ ਵਲ ਹੁੰਦਾ ਅਸੀ ਦੇਖਿਆ ਨਹੀ ਸੀ ਪਰ ਭਾਣਾ ਵਾਪਰ ਗਿਆ।ਹੁਣ ਦਮਦਮੀ ਟਕਸਾਲ ਓਸੇ ਰਾਹ ਪੈ ਚੁਕੀ ਹੈ।ਇਹ ਭਾਣਾ ਸਾਡੇ ਹੁੰਦਿਆਂ ਵਾਪਰ ਰਿਹਾ ਹੈ ।ਇਹ ਕਹਿਰ ਸਾਡੇ ਸਮਿਆਂ ਵਿਚ ਵਾਪਰਨਾ ਸੀ। ਜਿਹੜੇ ਸੋਚਦੇ ਨੇ ਕਿ ਜੇ ਸਿਖ ਚਾਹੁੰਦੇ ਤਾਂ ਉਦਾਸੀਆ ਆਦਿਕ ਨੂੰ ਹਿੰਦੂਪੱਖ ਵੱਲ ਝੁੱਕਣ ਤੋਂ ਰੋਕਦੇ,ਟੋਕਦੇ ਓਹ ਹੁਣ ਦਮਦਮੀ ਟਕਸਾਲ ਨੂੰ ਰੋਕ ਟੋਕ ਲੈਣ ਦੀ ਹਿੰਦੂ ਰਾਜ ਸ਼ਕਤੀ ਦੇ ਘਨੇੜੇ ਚੜਕੇ ਟਕਸਾਲ ਨੂੰ ਬਰਾਹਮਣਵਾਦੀ ਅੱਡਾ ਬਣਾਉਣ ਜਾ ਰਹੇ ਮੌਜੂਦਾ ਪਰਬੰਧਕਾਂ ਨੂੰ ਕੋਈ ਰੋਕ ਸਕਦਾ ਹੈ?ਓਨਾ ਨੇ ਮੰਨਣਾ ਈ ਨਹੀ।ਉਨਾ ਨੇ ਮੁੜਨਾ ਵੀ ਨਹੀ ਉਲਟਾ ਰੋਕਣ ਟੋਕਣ ਵਾਲਿਆਂ ਨੂੰ ਗਲਤ ਸਾਬਿਤ ਕਰਕੇ ਜਲੀਲ ਕਰਨਗੇ।

ਅਗਲੇ ਦਿਨਾ ਵਿਚ ਦੇਖਿਓ ਕਿਵੇ ਪੰਥਕ ਸੋਚ ਦਾ ਹੋਕਾ ਦੇਣ ਵਾਲਿਆਂ ਨੂੰ ਗੰਦ ਬਕਦੇ ਆਖਿਰ ਹਰੇਕ ਨੇ ਚੁੱਪ ਕਰ ਜਾਣਾ ਹੈ।ਚਾਲੀ ਪੰਜਾਹ ਸਾਲ ਮਗਰੋ ਸਿੱਖ ਸੋਚਿਆ ਕਰਨਗੇ ਕਿ ਕੀ ਵਾਕਿਆ ਈ ਸੰਤ ਭਿੰਡਰਾਂਵਾਲੇ ਇਸ ਬਰਾਹਮਣਵਾਦੀ ਅੱਡੇ ਵਿਚੋ ਨਿਕਲੇ ਹੋਣਗੇ?ਜਿਵੇ ਅੱਜ ਕੌਣ ਯਕੀਨ ਕਰੇਗਾ ਕਿ ਨਾਮਧਾਰੀ ਕੂਕਿਆਂ ਵਿਚੋਂ ਬਾਬਾ ਰਾਮ ਸਿੰਘ ਵਰਗਾ ਬਲਕਾਰੀ ਸਿੱਖ ਹੋਇਆ ਹੈ ਜੋ ਆਜਾਦੀ,ਇਨਸਾਫ ਤੇ ਸਿਖੀ ਦੀ ਚੜਦੀ ਕਲਾ ' ਨੂੰ ਸਮਰਪਿਤ ਰਿਹਾ।ਜੋ ਹਸ਼ਰ ਅੰਗਰੇਜ ਕੂਟਲਨੀਤੀ ਨੇ ਬਾਬਾ ਰਾਮ ਸਿੰਘ ਤੇ ਨਾਮਧਾਰੀ ਕੂਕਿਆ ਦਾ ਕੀਤਾ,ਬਾਬਾ ਜੀ ਨੂੰ ਗੁਰਸਿਖ ਦੀ ਥਾਂ ਦੇਹਧਾਰੀ ਗੁਰੂ ਐਲਾਨ ਧਰਿਆ ਤੇ ਨਾਮਧਾਰੀ ਕੂਕੇ ਖਾਲਸਾਈ ਰਹਿਤ ਦੇ ਉਲਟ ਕਰਮਕਾਂਡ ਵਿਚ ਉਲਝਾ ਦਿਤੇ,ਉਹੀ ਕੁਛ ਟਕਸਾਲ ਦਾ ਹੋਣ ਜਾ ਰਿਹਾ।

ਹੁਣ ਦਰਸਾਇਆ ਜਾ ਰਿਹਾ ਹੈ ਕਿ ਟਕਸਾਲ ਤੇ ਆਰ ਐਸ ਐਸ ਦੀ ਧਾਰਮਿਕ ਸੋਚ ਇਕੋ ਜਹੀ ਹੈ,ਦੋਵਾ ਵਿਚ ਬਹੁਤਾ ਫਰਕ ਨਹੀ। ਪਰ ਸੰਤ ਭਿੰਡਰਾਵਾਲਿਆਂ ਦਾ ਦੌਰ ਤਾਂ ਕੁਛ ਹੋਰ ਦਸਦਾ ਹੈ।

ਕੀ ਸੰਤਾਂ ਵਾਲਾ ਇਤਿਹਾਸ ਗਾਇਬ ਕਰਨਾ ਪਵੇਗਾ।ਅਸਲ ਵਿਚ ਟਕਸਾਲ ਨੂੰ ਆਰ ਐਸ ਐਸ ਦੇ ਲੜ ਲਾਇਆ ਬਾਦਲ ਦਲ ਨੇ ਜਦ ਅਕਾਲੀ ਧਾਰਾ ਉਤੇ ਕਬਜਾ ਕਰਕੇ ਨਕਲੀ ਅਕਾਲੀ ਬਣਾਕੇ ਸਿਖ ਰਹਿਤ ਮਰਿਆਦਾ ਉਤੇ ਪਹਿਰਾ ਦੇਣ ਵਾਲਿਆਂ ਨੂੰ ਕਟੜਪੰਥੀ ਤੇ ਖਾਲਿਸਤਾਨੀ ਕਹਿਕੇ ਨਵਾ ਬਿਰਤਾਂਤ ਘੜਿਆ ਤਾਂ ਸ਼ਿਵਲਿੰਗ,ਹਵਨ,ਮੂਰਤੀ ਪੂਜਾ,ਜਗਰਾਤੇ ਸਭ ਜਾਇਜ ਹੋ ਗਏ।

ਅਕਾਲੀ ਦਲ ਜਦ ਖਾਲਾਸਾਈ ਸ਼ਾਨ ਲਈ ਜੂਝਦਾ ਸੀ ਤਾ ਸਿਖ ਕੌਮ ਦਾ ਮਾਣ ਸੀ ਪਰ ਜਦ ਓਹ ਸਰਬਸਾਂਝੇ ਅਸਲ ਵਿਚ ਹਿੰਦੂਤਵੀ ਏਜੰਡਾ ਲੈ ਤੁਰਿਆ ਤਾਂ ਪਿਛੇ ਛੁਣਛੁਣਾ ਹੀ ਬਚਿਆ।ਅਕਾਲੀ ਦਲ ਨੂੰ ਬਾਦਲ ਦਲ ਨੇ ਕੇਸਾਧਾਰੀ ਹਿੰਦੂ ਬਣਾਇਆ।ਹੁਣ ਬਾਬਾ ਧੁੰਮਾ ਟਕਸਾਲ ਰਾਹੀ ਸਨਾਤਨੀ ਸਿਖ ਪੈਦਾ ਕਰਨਗੇ।

ਸਿਖਾਂ ਨੇ ਉਦਾਸੀਆਂ,ਨਿਰਮਲਿਆਂ ਤੇ ਹੋਰ ਸੰਪਰਦਾਵਾਂ ਦਾ ਹਿੰਦੂਕਰਨ ਰੋਕ ਲਿਆ ਸੀ?ਸਿਖਾਂ ਨੇ ਅਕਾਲੀ ਦਲ ਦਾ ਪੰਥਕ ਏਜੰਡੇ ਤੋ ਭਗੌੜਾ ਹੋਕੇ ਹਿੰਦੂਤਵੀ ਏਜੰਡਾ ਧਾਰਨ ਕਰਨਾ ਰੋਕ ਲਿਆ ਸੀ?ਫੇਰ ਸਿਖ ਟਕਸਾਲ ਦਾ ਸਨਾਤਨੀਕਰਨ ਕਿਵੇ ਰੋਕ ਸਕਦੇ ਨੇ?

ਚੇਤੇ ਕਰੋ ਢਡਰੀਆਂ ਵਾਲੇ ਉਤੇ ਹਮਲੇ ਮੌਕੇ ਤਾਂ ਟਕਸਾਲ ਨੂੰ ਭਾਜਪਾ ਕੋਲ ਜਾਣ ਲਈ ਬਾਦਲਕਿਆਂ ਰਾਹੀ ਜਾਣਾ ਪੈਂਦਾ ਸੀ ਪਰ ਹੁਣ ਤਾਂ ਦਿਲੀ ਤੇ ਨਾਗਪੁਰ ਨਾਲ ਸਿਧੀਆਂ ਤਾਰਾਂ ਜੁੜੀਆਂ ਹੋਈਆਂ ਨੇ।ਚਾਹੇ ਲੋਥਾਂ ਦੇ ਢੇਰ ਲਾ ਦੇਣ।ਐਵੇ ਨਹੀ ਮਾਨ ਸਾਹਿਬ ਕਹਿੰਦੇ ਕਿ ਬਾਬਾ ਧੁੰਮਾ ਮਰਵਾਉਣ ਨੂੰ ਫਿਰਦਾ।ਧੰਨ ਨੇ ਓਹ ਸਿਖ ਜਿਨਾ ਨੇ ਟਕਸਾਲ ਤੇ ਬਾਦਲ ਦਲ ਦੇ ਹਿੰਦੂਕਰਨ ਹੋਣ ਬਾਰੇ ਗਲ ਕੀਤੀ।ਧਿਰਕਾਰ ਹੈ ਓਨਾ ਸਿੱਖਾਂ ਨੂੰ ਜਿਹੜੇ ਦੜ ਵਟਕੇ ਬੈਠੇ ਹਨ। ਆਰ ਐਸ ਐਸ ਬਾਰੇ ਅਕਾਲ ਤਖਤ ਸਾਹਿਬ ਤੋ ਹੁਕਮਨਾਮਾ ਵੀ ਜਾਰੀ ਹੋਇਆ ਹੈ,ਪਰ ਟਕਸਾਲ ਤੇ ਬਾਦਲ ਦਲ ਤਾਂ ਸ਼ਾਇਦ ਸਾਰੇ ਪੰਥ ਤੋ ਉਚੇ ਹਨ, ਉਨ੍ਹਾਂ ਉਤੇ ਕਿਹੜਾ ਹੁਕਮਨਾਮਾ ਲਾਗੂ ਹੋ ਜਾਊ।ਜੇ ਮਰਨ ਤੋਂ ਬਚਿਆ ਰਿਹਾ ਤਾਂ ਪੰਦਰਾ ਵੀਹ ਸਾਲ ਮਗਰੋਂ ਜਦ ਕੋਈ ਸਿੱਖ ਘੇਰਕੇ ਕਹੇਗਾ ਕਿ ਤੁਸੀ ਓਦੋਂ ਕੀ ਕੀਤਾ ਤਾਂ ਕਹਿ ਦਿਆਂਗਾ, ਵਾਜਾਂ ਮਾਰੀਆਂ ਬੁਲਾਇਆ ਕਈ ਵੇਰ ਮੈਂ,ਕਿਸੇ ਨੇ ਮੇਰੀ ਗਲ ਨਾ ਸੁਣੀ।



**ਸਰਬਜੀਤ ਸਿੰਘ ਘੁਮਾਣ**
9781991622

## ਭਾਰਤੀ ਅੰਬਾਂ ਨੂੰ ਇੱਕ ਹੋਰ ਝਟਕਾ:ਨੇਪਾਲ ਨੇ ਵੀ ਲਗਾਈ ਅਸਥਾਈ ਰੋਕ

ਕਾਠਮਾਂਡੂ:ਭਾਰਤ ਤੋਂ ਅੰਬਾਂ ਦੀ ਬਰਾਮਦ ਨੂੰ ਇੱਕ ਹੋਰ ਝਟਕਾ ਲੱਗਿਆ ਹੈ। ਜਾਪਾਨ ਤੋਂ ਬਾਅਦ ਹੁਣ ਨੇਪਾਲ ਨੇ ਵੀ ਭਾਰਤੀ ਅੰਬਾਂ ਦੀ ਆਮਦ 'ਤੇ ਅਸਥਾਈ ਤੌਰ ਤੇ ਰੋਕ ਲਗਾਉਣ ਦਾ ਫੈਸਲਾ ਕੀਤਾ ਹੈ।

ਨੇਪਾਲੀ ਅਧਿਕਾਰੀਆਂ ਦੇ ਅਨੁਸਾਰ ਜਾਂਚ ਦੌਰਾਨ ਕੁਝ ਅੰਬਾਂ ਦੀਆਂ ਖੇਪਾਂ ਵਿੱਚ ਕੀਟਨਾਸ਼ਕਾਂ ਦੇ ਅਵਸ਼ੇਸ਼ ਨਿਰਧਾਰਤ ਮਿਆਰ ਤੋਂ ਵੱਧ ਪਾਏ ਗਏ ਹਨ। ਇਸ ਦੇ ਮੱਦੇਨਜ਼ਰ ਖੁਰਾਕ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਹ ਕਦਮ ਚੁੱਕਿਆ ਗਿਆ ਹੈ।

ਨੇਪਾਲ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਫੈਸਲਾ ਸਿਰਫ਼ ਸਿਹਤ ਅਤੇ ਗੁਣਵੱਤਾ ਮਾਪਦੰਡਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਲਿਆ ਗਿਆ ਹੈ ਅਤੇ ਇਸ ਦਾ ਉਦੇਸ਼ ਭਾਰਤ ਨਾਲ ਵਪਾਰਕ ਸਬੰਧਾਂ ਨੂੰ ਪ੍ਰਭਾਵਿਤ ਕਰਨਾ ਨਹੀਂ ਹੈ। ਰੋਕ ਲੱਗਣ ਤੋਂ ਪਹਿਲਾਂ ਭਾਰਤ ਤੋਂ ਵੱਡੀ ਮਾਤਰਾ ਵਿੱਚ ਅੰਬ ਨੇਪਾਲੀ ਬਾਜ਼ਾਰ ਵਿੱਚ ਪਹੁੰਚ ਚੁੱਕੇ ਸਨ।ਇਹ ਘਟਨਾ ਉਸ ਸਮੇਂ ਸਾਹਮਣੇ ਆਈ ਹੈ ਜਦੋਂ ਕੁਝ ਹਫ਼ਤੇ ਪਹਿਲਾਂ ਜਾਪਾਨ ਨੇ ਵੀ ਭਾਰਤੀ ਅੰਬਾਂ ਦੀ ਦਰਾਮਦ ਰੋਕ ਦਿੱਤੀ ਸੀ। ਜਾਪਾਨ ਵੱਲੋਂ ਕੀਤੀ ਕਾਰਵਾਈ ਦਾ ਕਾਰਨ ਸਫ਼ਾਈ ਅਤੇ ਜਾਂਚ ਪ੍ਰਕਿਰਿਆ ਨਾਲ ਜੁੜੀਆਂ ਕੁਝ ਕਮੀਆਂ ਦੱਸੀਆਂ ਗਈਆਂ ਸਨ।

NRK ਸਹੋਤਾ ਬਲਿਊਬੇਰੀ ਫਾਰਮ ਤੇ ਬੇਰੀ ਤੋੜਨ ਵਾਸਤੇ ਵਰਕਰਾਂ ਦੀ ਲੋੜ

ਪਿਟਮਿਡੋ ਵਿਚ ਸਹੋਤਾ ਬਲਿਊਬੇਰੀ ਫਾਰਮ ਵਾਲਿਆਂ ਨੂੰ

ਬੇਰੀ ਤੋੜਨ ਵਾਸਤੇ ਵਰਕਰਾਂ ਅਤੇ ਕੰਟਰਕਟਰਾਂ ਦੀ ਲੋੜ ਹੈ।

ਕਲਾਸ 4 ਡਰਾਈਵਰਾਂ ਦੀ ਵੀ ਜ਼ਰੂਰਤ ਹੈ

ਘਰੋਂ ਚੁੱਕਣ ਅਤੇ ਛੱਡਣ ਲਈ ਰਾਈਡ ਦਾ ਪ੍ਰਬੰਧ ਹੋਵੇਗਾ।

ਘਰ ਵਰਗਾ ਮਾਹੌਲ ਹੋਵੇਗਾ।

ਟਰਾਂਟੋ, ਕੈਲਗਰੀ, ਐਡਮਿੰਟਨ ਅਤੇ ਵਿਨੀਪੈਗ ਤੋਂ ਵੀ ਆਉਣ ਵਾਲੇ ਵਰਕਰਾਂ ਲਈ ਫਾਰਮ ਵਿੱਚ ਰਹਿਣ ਦਾ ਪ੍ਰਬੰਧ ਹੈ।



ਬਲਿਊ ਬੇਰੀ ਪਲਾਂਟ ਵਿਕਾਊ ਹਨ

ਪਿਟਮੀਡੋ ਵਿਚ ਸਹੋਤਾ ਬਲਿਊਬੇਰੀ ਫਾਰਮ ਵਿੱਚ ਬਲਿਊ ਕਰੌਪ, ਡਿਊਕ ਅਤੇ ਐਲੀਅਟ ਬਲਿਊ ਬੇਰੀ ਪਲਾਂਟ ਵਾਜਬ ਰੇਟ ਤੇ ਖਰੀਦ ਸਕਦੇ ਹੋ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਹਰਜਿੰਦਰ ਕੌਰ ਸਹੋਤਾ: 604-763-2808

ਬੂਟਾ ਸਿੰਘ ਪੂੰਨੀ: 604-803-6663

# ਮਕਬੂਜ਼ਾ ਕਸ਼ਮੀਰ ਵਿੱਚ ਹਾਲਾਤ ਇੱਕ ਵਾਰ ਫਿਰ ਤਣਾਅਪੂਰਨ ਬਣ ਗਏ ਹਨ

ਮੁਜ਼ੱਫ਼ਰਾਬਾਦ: ਮਕਬੂਜ਼ਾ ਕਸ਼ਮੀਰ ਵਿੱਚ ਹਾਲਾਤ ਇੱਕ ਵਾਰ ਫਿਰ ਤਣਾਅਪੂਰਨ ਬਣ ਗਏ ਹਨ। ਮਹਿੰਗਾਈ, ਬੇਰੁਜ਼ਗਾਰੀ, ਵਧਦੇ ਬਿਜਲੀ ਬਿੱਲਾਂ, ਪ੍ਰਸ਼ਾਸਨਿਕ ਨਾਕਾਮੀਆਂ ਅਤੇ ਰਾਜਨੀਤਿਕ ਹੱਕਾਂ ਦੀਆਂ ਮੰਗਾਂ ਨੂੰ ਲੈ ਕੇ ਚੱਲ ਰਹੇ ਵਿਰੋਧ ਪ੍ਰਦਰਸ਼ਨ ਹੁਣ ਹਿੰਸਕ ਰੂਪ ਧਾਰਦੇ ਜਾ ਰਹੇ ਹਨ। ਪ੍ਰਦਰਸ਼ਨਕਾਰੀ ਜਥੇਬੰਦੀਆਂ ਦਾ ਦਾਅਵਾ ਹੈ ਕਿ ਸੁਰੱਖਿਆ ਬਲਾਂ ਦੀ ਕਾਰਵਾਈ ਦੌਰਾਨ 30 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ ਕਰੀਬ 200 ਲੋਕ ਜ਼ਖ਼ਮੀ ਹੋਏ ਹਨ।ਹਾਲਾਂਕਿ ਸਰਕਾਰੀ ਅੰਕੜੇ ਇਸ ਤੋਂ ਕਾਫ਼ੀ ਘੱਟ ਹਨ, ਪਰ ਵਿਰੋਧੀ ਧਿਰਾਂ ਅਤੇ ਸਮਾਜਿਕ ਕਾਰਕੁਨਾਂ ਵੱਲੋਂ ਹਾਲਾਤ ਨੂੰ ਕਾਫ਼ੀ ਗੰਭੀਰ ਦੱਸਿਆ ਜਾ ਰਿਹਾ ਹੈ। ਇਸ ਅੰਦੋਲਨ ਦੀ ਅਗਵਾਈ ਜਾਇੰਟ ਅਵਾਮੀ ਐਕਸ਼ਨ ਕਮੇਟੀ ਨਾਂਅ ਦਾ ਇੱਕ ਨਾਗਰਿਕ ਗਠਜੋੜ ਕਰ ਰਿਹਾ ਹੈ। ਇਹ ਜਥੇਬੰਦੀ ਪਿਛਲੇ ਕਈ ਮਹੀਨਿਆਂ ਤੋਂ ਲੋਕਾਂ ਨੂੰ ਮਹਿੰਗਾਈ, ਬਿਜਲੀ ਦਰਾਂ ਵਿੱਚ ਵਾਧੇ, ਬੇਰੁਜ਼ਗਾਰੀ ਅਤੇ ਰਾਜਨੀਤਿਕ ਨੁਮਾਇੰਦਗੀ ਵਰਗੇ ਮੁੱਦਿਆਂ ‘ਤੇ ਇਕੱਠਾ ਕਰ ਰਹੀ ਹੈ। ਜਥੇਬੰਦੀ ਦਾ ਕਹਿਣਾ ਹੈ ਕਿ ਖੇਤਰ ਦੇ ਲੋਕ ਆਰਥਿਕ ਤੰਗੀ ਅਤੇ ਪ੍ਰਸ਼ਾਸਨਿਕ ਲਾਪਰਵਾਹੀ ਤੋਂ ਤੰਗ ਆ ਚੁੱਕੇ ਹਨ ਅਤੇ ਆਪਣੀਆਂ ਮੰਗਾਂ ਲਈ ਸ਼ਾਂਤੀਪੂਰਨ ਸੰਘਰਸ਼ ਕਰ ਰਹੇ ਹਨ। ਤਣਾਅ ਉਸ ਸਮੇਂ ਹੋਰ ਵਧ ਗਿਆ ਜਦੋਂ ਅਧਿਕਾਰੀਆਂ ਨੇ ਜਾਇੰਟ ਅਵਾਮੀ ਐਕਸ਼ਨ ਕਮੇਟੀ ‘ਤੇ ਪਾਬੰਦੀ ਲਾ ਦਿੱਤੀ ਅਤੇ ਖੇਤਰ-ਪੱਧਰੀ ਹੜਤਾਲ ਤੋਂ ਪਹਿਲਾਂ ਇਸ ਦੇ ਸਮਰਥਕਾਂ ਖ਼ਿਲਾਫ਼ ਕਾਰਵਾਈ ਸ਼ੁਰੂ ਕਰ ਦਿੱਤੀ।

## Home Improvement


ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ

ਪੰਜਾਬ ਗਾਰਡੀਅਨ

Call to Advertise
604-590-5200

TOOR LANDSCAPING & FENCE
RESIDENTIAL & COMMERCIAL
• ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2x3 ਦਾ ਫਰੇਮ ਸੋਲਿਡ $210 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।




ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ
ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
604-729-3225
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

SINGH RAJ
RENOVATION CO.
We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.
SPECIALISTS IN
Maintain+Repair & New Installation
Reasonable Rates
20Yrs Exprienced
Call Raj: 778-229-9261

STORM
ELECTRIC LTD.
Residential & Commercial
Licenced & Bonded
*All Kinds Of Electrical Service
*Best Rate
*Friendly Service
*Quality Workmanship
Mandeep Dhaliwal
(Certified Electrician)
778-994-7207
Email:stormelectricltd@gmail.com

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ



Contact for Kitchen Cabinet & Counter Tops in Homes
ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ
236-234-4081

ਸੰਦਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲੰਬਿੰਗ
* ਕਾਰਪੇਟ
* ਰੂਫਿੰਗ ਦਾ ਕੰਮ
* ਸਨਡੈੱਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ: 604-725-6270

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲੰਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

# ਪਾਕਿ ਨੇ ਕਿਹਾ:ਬਲੋਚਿਸਤਾਨ ਵਿੱਚ ਭਾਰਤ ਵੱਲੋਂ ਟਰੇਂਡ 14 ਅੱਤਵਾਦੀ ਮਾਰੇ ਗਏ

ਇਸਲਾਮਾਬਾਦ:ਪਾਕਿਸਤਾਨ ਸੁਰੱਖਿਆ ਬਲਾਂ ਨੇ ਕਿਹਾ ਕਿ ਬਲੋਚਿਸਤਾਨ ਦੇ ਖੁਜ਼ਦਾਰ ਜ਼ਿਲ੍ਹੇ ਵਿੱਚ ਇੱਕ ਖੁਫੀਆ-ਅਧਾਰਤ ਆਪ੍ਰੇਸ਼ਨ ਦੌਰਾਨ 14 ਭਾਰਤ ਸਮਰਥਿਤ ਅੱਤਵਾਦੀਆਂ ਨੂੰ ਬੇਅਸਰ ਕਰ ਦਿੱਤਾ,। ਇਸਦਾ ਖੁਲਾਸਾ ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ ਨੇ ਮੰਗਲਵਾਰ ਨੂੰ ਕਿਹਾ। ਫੌਜ ਦੇ ਮੀਡੀਆ ਵਿੰਗ ਨੇ ਕਿਹਾ ਕਿ ਭਾਰਤੀ ਪ੍ਰੌਕਸੀ, ਫਿਤਨਾ ਅਲ-ਹਿੰਦੁਸਤਾਨ ਨਾਲ ਸਬੰਧਤ ਅੱਤਵਾਦੀਆਂ ਦੀ ਮੌਜੂਦਗੀ ਬਾਰੇ ਰਿਪੋਰਟਾਂ ਮਿਲਣ ਤੋਂ ਬਾਅਦ, 8 ਜੂਨ, 2026 ਨੂੰ ਸੁਰੱਖਿਆ ਬਲਾਂ ਦੁਆਰਾ ਖੁਜ਼ਦਾਰ ਜ਼ਿਲ੍ਹੇ ਦੇ ਨਾਲ ਖੇਤਰ ਵਿੱਚ ਕੀਤਾ ਗਿਆ ਸੀ। ਅੱਤਵਾਦੀ ਕਥਿਤ ਤੌਰ ‘ਤੇ ਇਲਾਕੇ ਵਿੱਚ ਨੇੜਲੇ ਪੁਲਿਸ ਸਟੇਸ਼ਨ ਅਤੇ ਬੈਂਕਾਂ ‘ਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਸਨ। ਸੂਚਨਾ ਮਿਲਣ ‘ਤੇ, ਸੁਰੱਖਿਆ ਬਲਾਂ ਦੁਆਰਾ ਤੇਜ਼ ਕਾਰਵਾਈ ਕੀਤੀ ਗਈ ਅਤੇ ਅੱਤਵਾਦੀਆਂ ਦੇ ਨਾਪਾਕ ਮਨਸੂਬਿਆਂ ਨੂੰ ਅਸਫਲ ਕਰ ਦਿੱਤਾ।

ਇਸ ਕਾਰਵਾਈ ਦੌਰਾਨ, ਫੌਜ ਦੇ ਮੀਡੀਆ ਵਿੰਗ ਨੇ ਕਿਹਾ ਕਿ ਅੱਤਵਾਦੀਆਂ ਦੀ ਗਤੀਵਿਧੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਗਿਆ ਅਤੇ ਫੌਜ ਦੁਆਰਾ ਸਜ਼ਾ ਦਿੱਤੀ ਗਈ। ਇੱਕ ਤੀਬਰ ਗੋਲੀਬਾਰੀ ਦੇ ਬਾਅਦ, ਚੌਦਾਂ ਭਾਰਤੀ ਸਪਾਂਸਰਡ ਅੱਤਵਾਦੀ ਮਾਰੇ ਗਏ, ਜਦੋਂ ਕਿ ਕਈ ਅੱਤਵਾਦੀ ਜ਼ਖਮੀ ਹੋ ਗਏ। ਬਿਆਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਇਸ ਤੋਂ ਇਲਾਵਾ, ਅੱਤਵਾਦੀਆਂ ਦੁਆਰਾ ਵਰਤੇ ਜਾ ਰਹੇ ਚਾਰ ਵਾਹਨ ਅਤੇ ਸੁਧਰੇ ਹੋਏ ਵਿਸਫੋਟਕ ਯੰਤਰ ਵੀ ਮੌਕੇ ‘ਤੇ ਨਸ਼ਟ ਕਰ ਦਿੱਤੇ ਗਏ। ਤੀਬਰ ਗੋਲੀਬਾਰੀ ਦੇ ਦੌਰਾਨ ਪਾਕਿ ਫੌਜ ਦਾ ਲਾਂਸ ਹਵਲਦਾਰ ਮੁਹੰਮਦ ਅੱਬਾਸ ਵੀ ਮਾਰਿਆ ਗਿਆ।








ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ||

*Waheguru ji ka Khalsa, Waheguru ji ki Fateh ||*



# ਨਗਰ ਕੀਰਤਨ ਸ਼ਕੋਮਿਸ਼ 2026

# Nagar Kirtan – Squamish 2026

**ਖਾਲਸਾ ਸਾਧ ਸੰਗਤ ਨੂੰ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸੰਮ੍ਪਿਤ 19ਵੇਂ ਸਾਲਾਨਾ ਸ਼ਕੋਮਿਸ਼ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਲਈ ਬੇਨਤੀ ਕਰਦੇ ਹਾਂ**

**We would like to extend a warm invitation to community members to join us for 19th Annual Squamish Sikh parade to commemorate the *Martyrdom Day* of our fifth guru, Guru Arjan Dev Ji.**

**Date: June 20, 2026; Time: 10:00 AM - 2:00 PM**
**Location: Junction Park & O'Siyam Pavilion, Squamish**

**ਸ਼ਹੀਦੀ ਦਿਵਸ ਪਾਤਸ਼ਾਹੀ ਪੰਜਵੀ (Martyrdom Day Fifth Guru)**

**ਅਰੰਭ ਸ੍ਰੀ ਆਖੰਡ ਪਾਠ ਸਾਹਿਬ (Arambh Sri Akand Paath Sahib) - 18th June 2026 at 09:30 AM**

**ਭੋਗ ਸ੍ਰੀ ਆਖੰਡ ਪਾਠ ਸਾਹਿਬ (Bhog Sri Akand Paath Sahib) - 20th June 2026 at 10:00 AM**

## ਅਮ੍ਰਿਤ ਸੰਚਾਰ - ਪ੍ਰਥਮ ਰਹਿਤ ਯਹ ਜਾਨ ਖੰਡੇ ਕੀ ਪਾਹੁਲ ਛਕੇ

20 ਜੂਨ 2026 ਦਿਨ ਐਤਵਾਰ, ਸਵੇਰੇ ਸਹੀ 7:00 ਵਜੇ ਅਮ੍ਰਿਤ ਸੰਚਾਰ ਹੋਣਗੇ। ਕਕਾਰ ਗੁਰਦੁਆਰਾ ਸਾਹਿਬ ਵੱਲੋ ਭੇਟਾ ਕੀਤੇ ਜਾਣਗੇ (ਕੋਈ ਫੀਸ ਨਹੀ) । ਸੰਗਤ ਦੇ ਚਰਨਾ ਵਿਚ ਬੇਨਤੀ ਹੈ ਕਿ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਕੇ ਕਲਗੀਧਰ ਦਸ਼ਮੇਸ਼ ਪਿਤਾ ਦੀਆਂ ਖੁਸ਼ੀਆ ਪ੍ਰਾਪਤ ਕਰੋ ਜੀ।ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਸੰਪਰਕ ਕੀਤਾ ਜਾ ਸਕਦਾ ਹੈ।

**For Sewa**
Please contact – Satnam Singh Sekhon – President- Squamish Sikh Society
604-892-1210; 604-892-5016

**37947, 5th Ave, Squamish, BC**

Sikh Temple Squamish
squamishsikhsociety1@gmail.com

**For Stall Booking**
Please contact – Devinder Singh Dhaliwal – V. Secretary - Squamish Sikh Society – 604-849-2234


ABHI FURNITURES LTD.
ਸਾਡੀ ਗਰੰਟੀ ਹੈ ਕਿ ਤੁਸੀ ਸਾਡੇ ਕੋਲ ਆ ਕੇ ਸਾਰੀਆਂ ਫਰਨੀਚਰ ਆਈਟਮ ਤੇ ਬੱਚਤਾਂ ਕਰੋਗੇ।
SPRING SALE
BEST PRICES
ALL KINDS OF DESIGNER, MODERN AND CUSTOM FURNITURE
Cabinet Sale
$250 Sale end May30/26
Queen Bedroom Set (8Pc)
$1999
Sale end May30/26
Ph: 604-710-3286, 604-502-2244
Web:abhiifurnitures.com
Email:abhifurnituretd@gmail.com
#102-13030 115Ave, Surrey, BC
Business Hours: Mon-Sat 11am to 6pm Sunday:Closed


Discover the Real Punjabi Tadka
Chawla's²
SINCE 1960
The Famous Taste of Punjab
Veg & Non Veg
NOW OPEN
IN SURREY
ਲੁਧਿਆਣਾ ਦਾ ਮਸ਼ਹੂਰ
Chawla's Chicken
ਹੁਣ ਤੁਹਾਡੇ ਸ਼ਹਿਰ ਸਰੀ ਵਿਚ
Ph:778-637-0006
#107-8363 -128St, Surrey
Hours:Wednesday to Monday 10AM to 12 AM Closed:Tuesday